ਘੇਰੇ ਵਿੱਚ ਨਾ ਬੰਨ ਸਕਿਆ। ਜਦੋ ਸਾਡੇ ਜਮਾ ਸਾਂਝੀ ਕੰਧ ਵਾਲੇ ਲਾਲ ਸਿੰਘ ਬਾਪੂ ਹੋਰਾ ਦੀ ਧੀਆ ਆਪਣੇ ਪੇਕੇ ਮਿਲਣ ਆਉਂਦੀਆਂ ਤਾਂ ਆਉਂਦੇ ਸਾਰ ਹੀ ਆਪਣਾ ਬੈਗ ਰੱਖ ਸਾਡੇ ਘਰ ਵੱਲ ਨੂੰ ਤੁਰ ਆਉਣਾ।ਕਿੰਨੀਆ ਹੀ ਰੀਝਾਂ ਚਾਵਾ ਨਾਲ ਅਸੀ ਵੀ ਉਹਨਾ ਨੂੰ ਭੂਆਂ ਜੀ ਬੁਲਾਉਂਦੇ।ਫਿਰ ਉਹਨਾਂ ਜਿੰਨੇ ਦਿਨ ਰਹਿਣਾ ਅੱਧਾ ਸਮਾ ਸਾਡੇ ਵਿਹੜੇ ਹੀ ਬਿਤਾਉਣਾ।ਅਸੀ ਵਿਹੜੇ ਵਿੱਚ ਲੱਗੀ ਨਿੰਮ ਹੇਠਾਂ ਬੈਠ ਕਿੰਨਾ ਚਿਰ ਹੀ ਬਾਤਾ ਕਰਦੇ ਰਹਿਣਾ।ਫਿਰ ਦਾਦੀ ਜੀ ਹੋਰਾਂ ਸਵੇਰੇ ਹੀ ਬਣਾ ਹਾਕ ਲਗਾ ਦੇਣੀ ਕਿ ਭਾਈ ਲੱਸੀ ਲੈ ਜਾਓ ਆ ਕੇ ਤੇ ਨਾਲ ਹੀ ਦਾਦੀ ਜੀ ਉਹਨਾਂ ਨੂੰ ਕਦੇ ਕਦੇ ਦਹੀ, ਮੱਖਣ ਵੀ ਦੇ ਛੱਡਣਾ। ਫਿਰ ਜਦੋ ਕਿਸੇ ਘਰ ਕੋਈ ਪ੍ਰੋਗਰਾਮ ਹੁੰਦਾ ਤਾਂ ਕਿੰਨੇ ਹੀ ਦਿਨ ਵਿਆਹਾਂ ਵਾਲੇ ਘਰ ਹੀ ਰੌਣਕਾਂ ਤੇ ਰੋਟੀ ਟੁੱਕ ਹੁੰਦਾ। ਸਾਡੇ ਪਿਛਲੀ ਗਲੀ ਵੱਲ ਨੂੰ ਇੱਕ ਬੈਠਕ ਹੁੰਦੀ ਤੇ ਉਥੇ ਹੀ ਦਰੀਆ ਬੁਣਨ ਵਾਲਾ ਫਰੇਮ ਲੱਗਿਆ ਹੋਣ ਕਾਰਨ ਬਾਪੂ ਹੋਰਾਂ ਦੀਆ ਕੁੜੀਆ ਵੀ ਉਥੇ ਆ ਇੱਕਠੀਆ ਹੁੰਦੀਆ, ਮੈਨੂੰ ਅੱਜ ਵੀ ਯਾਦ ਹੈ ਕਿ ਕਿਵੇਂ ਸਾਡੇ ਖੇਤਾਂ ਵਿੱਚ ਰਹਿੰਦੇ ਭਈਏ ਦੀਆ ਤਿੰਨ ਕੁੜੀਆ ਸਨ ਤੇ ਸਭ ਤੋਂ ਛੋਟੀ ਕੁੜੀ ਮੇਰੇ ਹਾਣ ਦੀ ਹੋਣ ਕਾਰਣ ਅਸੀ ਇਕੱਠੇ ਹੀ ਖੇਡਦੇ , ਉਹ ਸਾਰਾ ਪਰਿਵਾਰ ਸਾਡੇ ਖੇਤਾਂ ਵਿੱਚ ਬਣੇ ਮਕਾਨ ਵਿੱਚ ਹੀ ਰਹਿੰਦੇ।ਮੇਰੇ ਪਰਿਵਾਰ ਨੇ ਹਮੇਸਾਂ ਉਹਨਾਂ ਨੂੰ ਆਪਣੇ ਪਰਿਵਾਰ ਦਾ ਹੀ ਹਿੱਸਾ ਸਮਝਿਆਂ।ਕਿੰਨੇ ਹੀ ਸਾਲ ਉਹ ਸਾਡੇ ਖੇਤਾਂ ਵਿੱਚ ਰਹੇ।ਮੇਰਾ ਉਹਦੀ ਕੁੜੀ ਨਾਲ ਖਾਸ ਮੋਹ ਸੀ।ਜਦੋ ਨਰਮੇ ਦੀ ਫਸਲ ਹੁੰਦੀ ਤਾਂ ਉਹ ਸਾਰਾ ਪਰਿਵਾਰ ਸਾਡੇ ਖੇਤਾਂ ਵਿੱਚ ਨਰਮਾ ਚੁਗਦਾ। ਕਿਸੇ ਖਾਸ ਮੌਕੇ ਤੇ ਘਰ ਵਿੱਚ ਕੋਈ ਮਿੱਠੀ ਚੀਜ ਜਿਵੇਂ ਖੀਰ ਜਾ ਪ੍ਰਸਾਦ ਮਿੱਠੇ ਚੋਲ ਬਣਦੇ ਤਾਂ ਸਭ ਤੋਂ ਪਹਿਲਾ ਦਾਦੀ ਜੀ ਹੋਰਾ ਵੱਡ ਵਡੇਰਿਆਂ ਲਈ ਕੱਢਣੇ।ਤੇ ਵਿਹੜੇ ਦੀ ਕੱਚੀ ਕੰਧ ਉਪਰ ਧਰ ਦੇਣੇ। ਉਹ ਸਮਾਂ ਜੋਂ ਹੋਸ ਸੰਭਾਲੇ ਤੋ 18,20 ਸਾਲ ਦਾ ਜੋ ਮੈ ਆਪਣੀ ਜਿੰਦਗੀ ਦੇ ਗੁਜਾਰੇ ਮਨੋ ਸਵਰਗ ਦੀ ਝਲਕ ਸੀ। ਸਮੇ ਨਾਲ ਬਹੁਤ ਬਦਲਾਅ ਆ ਗਿਆ ਕਈ ਨਵੇਂ ਰਿਸਤੇ,ਕਈ ਨਵੇਂ ਦੋਸਤ ਮਿੱਤਰ ਬਣੇ ਪਰ ਪਤਾ ਨਹੀਂ ਕਿਉਂ ਉਹ ਵੇਲੇ ਦਾ ਆਪਣਾਪਨ ਅੱਜ ਵੀ ਮੈਨੂੰ ਵੱਢ ਵੱਢ ਖਾਂਦਾ ਹੈ। ਬੇਸੱਕ ਅੱਜ ਅਸੀਂ ਭਾਵੇਂ ਬਹੁਤ ਆਧੁਨਿਕ ਹੋ ਗਏ ਹਾਂ,ਪਰ ਸਾਇਦ ਇਸ ਤਕਨੀਕੀ ਯੁੱਗ ਵਿੱਚ ਅਸੀ ਬਹੁਤ ਕੁੱਝ ਗੁਆ ਲਿਆ ਹੈ। ਜੋ ਸਾਇਦ ਸਾਡੀਆ ਆਉਣ ਵਾਲੀਆ ਪੀੜ੍ਹੀਆਂ ਇਹੋ ਜੇਹੀ ਅਦੁੱਤੀ ਭਾਈਚਾਰਕ ਸਾਂਝਾਂ ਨੂੰ ਕਦੇ ਵੀ ਨਹੀਂ ਮਾਣ ਸਕਣਗੀਆ। ਜੋ ਸਿਰਫ ਇੱਕ ਯਾਦ ਜਾ ਕਹਾਣੀ ਬਣ ਕੇ ਹੀ ਰਹਿ ਗਈਆਂ ਹੋਣ। ਮੇਰੇ ਅਹਿਸਾਸਾ ਵਿੱਚੋ।

# ਜਾਤ-ਪਾਤ

ਮੈਂ ਡਾਕਟਰ ਭੀਮ ਰਾਓ ਅੰਬੇਡਕਰ ਚੌਂਕ ਵਿੱਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਕੁਝ ਸਮੇਂ ਬਾਅਦ ਹਰਪ੍ਰੀਤ ਮੇਰੇ ਕੋਲ ਆਇਆ ਤੇ ਅਖ਼ਬਾਰ ਦੀ ਇੱਕ ਖਬਰ @ਤੇ ਉਂਗਲ ਰੱਖ ਕੇ ਕਹਿੰਦਾ ਬਾਈ ! ਆਹ ਕੀ ਇਹ ਕਿਵੇਂ ਮਾਰਤਾ ? ਮੈਂ ਕਿਹਾ ਇਹ ਯੂਪੀ ਦੇ ਇੱਕ ਪਿੰਡ ਦੀ ਖ਼ਬਰ ਹੈ ਜਿੱਥੇ ਉੱਚੀ ਜਾਤ ਦੇ ਘੜੰਮ ਚੌਧਰੀ ਨੇ ਇੱਕ ਦਲਿਤ ਨੂੰ ਸਿਰਫ ਏਨੀ ਗੱਲ ਤੇ ਮੌਤ ਦੇ ਘਾਟ ਉਤਾਰ ਦਿੱਤਾ ਕਿ ਗਲੀ ਵਿੱਚੋਂ ਲੰਘਦੇ ਹੋਏ ਉਸ ਦਾ ਕੁੱਤਾ ਉਹਦੇ ਘਰ ਅੰਦਰ ਵੜ ਗਿਆ ਸੀ। ਅੱਛਾ ਬਾਈ ! ਹਰਪ੍ਰੀਤ ਨੇ ਹੈਰਾਨ ਹੁੰਦੇ ਕਿਹਾ। ਮੈਂ ਕਿਹਾ,÷ਹੋਰ, ਜਾਤ- ਪਾਤ ਨੇ ਸਾਡੇ ਸਮਾਜ ਦਾ ਬੇੜਾ ਗਰਕ ਕਰ ਰੱਖਿਐ। ਉਹ ਕਹਿੰਦਾ ÷ਬਾਈ ਪੰਜਾਬ @ਚ ਵੀ ਇਹੀ ਹਾਲ ਹੈ। ਇੱਕ ਵਾਰੀ ਮੈਂ ਤੇ ਮੇਰਾ ਦੋਸਤ ਕਿਸੇ ਧਰਮ ਅਸਥਾਨ ਉੱਤੇ ਚਲੇ ਗਏ, ਉੱਥੇ ਕੋਈ ਭੋਗ ਪੈ ਰਿਹਾ ਸੀ। ਉੱਥੇ ਦੇ ਪ੍ਰਬੰਧਕ ਕਹਿੰਦੇ ਸਾਧੂਆਂ ਨੂੰ ਲੰਗਰ ਛਕਾਉਣ ਤੋਂ ਬਾਅਦ ਹੀ ਸੰਗਤ ਨੂੰ ਲੰਗਰ ਛਕਾਇਆ ਜਾਵੇਗਾ। ਸੰਗਤ ਆਈ ਗਈ ਤੇ ਭਾਂਡੇ ਲੈ ਕੇ ਪੰਗਤ ਵਿੱਚ ਬੈਠੀ ਗਈ। ਮੈਂ ਤੇ ਮੇਰਾ ਦੋਸਤ ਲੰਗਰ ਦੇ ਭਰੇ ਦੇਗੇ-ਕੜਾਹਿਆਂ ਦੇ ਇੱਕ ਪਾਸੇ ਖੜ੍ਹੇ ਸੀ। ਉੱਥੋਂ ਦੇ ਦੋ-ਚਾਰ ਬੰਦੇ ਸਾਨੂੰ ਜਾਣਦੇ ਸੀ। ਸੰਗਤ ਨੇ ਸਾਨੂੰ ਵਿਹਲੇ ਖੜ੍ਹੇ ਦੇਖ ਕੇ ਲੰਗਰ ਵਰਤਾਉਣ ਲਈ ਕਿਹਾ ਕਿਉਂਕਿ ਉੱਥੇ ਲੰਗਰ ਵਰਤਾਉਣ ਵਾਲੇ ਨਾ ਮਾਤਰ ਸੀ। ਸੰਗਤ ਦੇ ਕਹਿਣ ਤੇ ਜਦੋਂ ਅਸੀਂ ਬਾਲਟੀਆਂ ਨੂੰ ਹੱਥ ਪਾਇਆ ਤਾਂ ਇੱਕ ਜਾਣਕਾਰ ਜਾਤ ਹੰਕਾਰੀ ਭੱਜਿਆ-ਭੱਜਿਆ ਸਾਡੇ ਕੋਲ ਆ ਕੇ ਕਹਿੰਦਾ,÷ਓਏ ਆ ਕੀ ਕਰਦੇ ਓ ? ਤੁਸੀਂ ਲੰਗਰ ਨੀ ਵਰਤਾ ਸਕਦੇ।÷ ਮੈਂ ਕਿਹਾ ਕਿਉਂ ਅੱਗੋਂ ਉਹ ਗੁੱਸੇ ਨਾਲ ਕਹਿੰਦਾ,÷ਕਿਉਂਕਿ ਤੁਸੀਂ ਨੀਵੀਂ ਜਾਤ ਦੇ ਓ, ਲੰਗਰ ਵਰਤਾਉਣ ਦਾ ਕੰਮ ਸਾਡਾ ਕਿਉਂਕਿ ਕਿਸੇ ਵੇਦ ਅਨੁਸਾਰ ਅਸੀਂ ਮੂੰਹ ਵਿੱਚੋਂ ਪੈਦਾ ਹੋਏ ਹਾਂ, ਜੇ ਤੁਸੀਂ ਸੇਵਾ ਕਰਨੀ ਹੈ ਤਾਂ ਸੰਗਤ ਦੇ ਜੂਠੇ ਭਾਂਡੇ ਚੱਕ-ਚੱਕ ਕੇ ਇੱਕ ਪਾਸੇ ਰੱਖੀ ਜਾਓ ਕਿਉਂਕਿ ਤੁਸੀਂ ਪੈਰਾਂ ਵਿੱਚੋਂ ਪੈਦਾ ਹੋਏ ਹੋ, ਇਹ ਕਹਿ ਕੇ ਉਹ ਪਰਾਂ ਚਲਾ ਗਿਆ।ਮੈਂ ਤੇ ਮੇਰਾ ਦੋਸਤ ਉਥੇ ਹੀ ਸੁੰਨ ਹੋ ਗਏ ਤੇ ਅਸੀਂ ਉਸੇ ਵਕਤ ਅਸਥਾਨ ਤੋਂ ਬਾਹਰ ਆ ਗਏ।ਉਸਤੋਂ ਬਾਅਦ ਅਸੀਂ ਕਦੇ ਵੀ ਉਸ ਅਸਥਾਨ @ਤੇ ਨੀ ਗਏ। ਮੈਂ ਕਿਹਾ ,÷ਹਰਪ੍ਰੀਤ ਸਿਆਂ ਜਾਤ-ਪਾਤ ਦੀ ਬਿਮਾਰੀ ਸਾਡੇ ਸਮਾਜ ਨੂੰ ਘੁਣ ਵਾਂਗੂੰ ਖਾ ਰਹੀ ਹੈ। ਕੁੱਝ ਘੜੰਮ ਚੌਧਰੀਆਂ ਦੇ ਖ਼ੂਨ ਵਿੱਚ ਰਚੀ ਹੋਣ ਕਰਕੇ ਇਹ ਬਿਮਾਰੀ ਕਦੇ ਵੀ ਖਤਮ ਨਹੀਂ ਹੋ ਸਕਦੀ। ਪੰਜਾਬ ਗੁਰੂਆਂ ਪੀਰਾਂ ਫ਼ਕੀਰਾਂ ਦੀ ਧਰਤੀ ਹੈ, ਜਿਨ੍ਹਾਂ ਨੇ ਇਨਸਾਨੀਅਤ ਨੂੰ ਸਭ ਤੋਂ ਵੱਡਾ ਧਰਮ ਦੱਸਿਆ ਹੈ। ਜਾਤ-ਪਾਤ ਦੀ ਬਿਮਾਰੀ ਇਨਸਾਨੀਅਤ ਨੂੰ ਖੋਰਾ ਲਾ ਰਹੀ ਹੈ। ਇਸ ਲਈ ਇਨਸਾਨੀਅਤ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਭਗਤ ਕਬੀਰ ਜੀ ਦੀ ਹੇਠ ਲਿਖੀ ਸਲੋਕ ਤੇ ਅਮਲ ਕਰਨਾ ਚਾਹੀਦਾ ਹੈ...

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

**ਮਾਸਟਰ ਹੰਸ ਕਲੇਰ**
**9530570638**



# ਮੇਰੇ ਪਿੰਡ ਦੀ ਪੰਚਾਇਤ ਕਿਹੋ ਜਿਹੀ ਹੋਵੇ..?

ਦੇਸ਼ ਦੇ ਜਮਹੂਰੀ ਢਾਂਚੇ @ਚ ਪੰਚਾਇਤਾਂ ਜਮਹੂਰੀਅਤ ਦੀ ਸਭ ਤੋਂ ਹੇਠਲੀ ਕੜੀ ਹਨ। ਇਸ ਬਾਰੇ ਕੋਈ ਦੋ ਰਾਇ ਨਹੀਂ ਕਿ ਪੰਚਾਇਤੀ ਰਾਜ ਸੰਸਥਾਵਾਂ ਦੀ ਜਮਹੂਰੀਅਤ ਵਿੱਚ ਬਹੁਤ ਅਹਿਮ ਭੂਮਿਕਾ ਹੈ।ਕੇਵਲ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਹੀ ਨਹੀਂ ਸਗੋਂ ਸਮਾਜ ਨੂੰ ਚੰਗੀ ਸੇਧ ਦੇਣ ਜਾਂ ਚੰਗੇ ਸਮਾਜ ਦੀ ਸਿਰਜਣਾ ਵਿੱਚ ਵੀ ਇਨ੍ਹਾਂ ਸੰਸਥਾਵਾਂ ਦਾ ਅਹਿਮ ਰੋਲ ਹੁੰਦਾ ਹੈ।

ਭਾਰਤ ਦੇ ਇਤਿਹਾਸ ਵਿੱਚ 73ਵੀਂ ਤੇ 74ਵੀਂ ਸੰਵਿਧਾਨਿਕ ਸੋਧ ਨੇ ਸਾਡੇ ਲੋਕਤੰਤਰ ਨੂੰ ਨਿਖਾਰ ਕੇ ਇੱਕ ਇਨਕਲਾਬੀ ਦੌਰ ਦੀ ਸ਼ੁਰੂਆਤ ਕੀਤੀ ਹੈ। ਇਹ ਸੋਧਾਂ ਪਿੰਡਾਂ @ਚ ਤੇ ਸ਼ਹਿਰਾਂ @ਚ ਵੱਸਦੇ ਕਰੋੜਾਂ ਵਾਸ਼ਿੰਦਿਆ ਲਈ ਇੱਕ ਪਾਰਦਰਸ਼ੀ ਤੇ ਜਵਾਬਦੇਹ ਪ੍ਰਸ਼ਾਸਨਿਕ ਵਿਵਸਥਾ ਪ੍ਰਦਾਨ ਕਰਦੀਆਂ ਹਨ। ਜਿਸ ਦੇ ਅੰਤਰਗਤ ਜਨ ਸਧਾਰਨ ਵੱਲੋਂ ਕਾਨੂੰਨੀ ਤੌਰ @ਤੇ ਸਥਾਪਿਤ ਕੀਤੀਆਂ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਸਮਾਜਿਕ ਨਿਆਂ ਦੇ ਆਦਰਸ਼ ਉਦੇਸ਼ਾਂ ਨੂੰ ਮੁੱਖ ਮੰਤਵ ਮੰਨ ਕੇ ਆਪੋ ਆਪਣੇ ਖੇਤਰਾਂ ਦਾ ਆਰਥਿਕ ਵਿਕਾਸ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ।ਸਮਾਜ ਦੇ ਅਣਗੌਲੇ ਵਰਗਾਂ ਨੂੰ ਪ੍ਰਤੀਨਿਧਤਾ ਪ੍ਰਦਾਨ ਕਰਕੇ ਇਹ ਸੰਸਥਾਵਾਂ ਸਾਡੇ ਲੋਕਤੰਤਰੀ ਢਾਂਚੇ ਵਿੱਚ ਚੁਸਤ ਤੇ ਗਤੀਸ਼ੀਲ ਲੀਡਰਸ਼ਿਪ ਦੇ ਵਿਗਸ਼ਣ ਦੀਆਂ ਸੰਭਾਵਨਾਵਾਂ ਨੂੰ ਵੀ ਹੋਰ ਉਜਾਗਰ ਕਰ ਰਹੀਆਂ ਹਨ।

ਸੂਬੇ ਵਿੱਚ ਗ੍ਰਾਮ ਪੰਚਾਇਤਾਂ ਦੇ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ 15 ਅਕਤੂਬਰ ਨੂੰ ਵੋਟਾਂ ਦਾ ਐਲਾਨ ਕਰਦਿਆਂ ਗ੍ਰਾਮ ਪੰਚਾਇਤਾਂ ਲਈ ਮੈਂਬਰਾਂ ਤੇ ਸਰਪੰਚ ਦੀ ਚੋਣ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।ਇੰਨ੍ਹਾਂ ਚੋਣਾਂ @ਚ 13237 ਸਰਪੰਚ ਅਤੇ 83437 ਪੰਚਾਂ ਲਈ 1,33,97,922 (70,51,722 ਪੁਰਸ਼, 63,46,0088 ਔਰਤਾਂ ਤੇ 192 ਹੋਰ) ਵੋਟਰਾਂ ਰਾਹੀਂ ਲੋਕਤੰਤਰ ਪ੍ਰਣਾਲੀ ਦੀ ਸਭ ਤੋਂ ਛੋਟੀ ਇਕਾਈ ਦੀ ਚੋਣ ਲੋਕਤੰਤਰੀ ਪ੍ਰਣਾਲੀ ਰਾਹੀਂ ਕਰਵਾਈ ਜਾਵੇਗੀ।ਇਸ ਚੋਣ ਪ੍ਰਕਿਰਿਆ ਦੀ ਸ਼ੁਰੂਆਤ 27 ਸਤੰਬਰ ਤੋਂ ਨਾਮਜ਼ਦਗੀਆਂ ਭਰਨ ਨਾਲ ਹੋਵੇਗੀ ਅਤੇ ਚੋਣਾਂ ਅਤੇ ਨਤੀਜੇ 15 ਅਕਤੂਬਰ ਘੋਸ਼ਿਤ ਕੀਤੇ ਜਾਣਗੇ।

ਇਸ ਸਭ ਦੇ ਚਲਦਿਆਂ ਪਿੰਡਾਂ ਦੀਆਂ ਸੱਥਾਂ-ਦਰਵਾਜਿਆਂ, ਮੋੜਾਂ-ਚੌਂਕਾਂ @ਤੇ ਹੁਣ ਸਿਰਫ਼ ਪੰਚਾਇਤੀ ਚੋਣਾਂ ਦੀ ਚਰਚਾ ਸਭ ਤੋਂ ਚਲੰਤ ਮਾਮਲਿਆਂ ਵਜੋਂ ਚੱਲ ਰਹੀ ਹੈ। ਪਿੰਡ ਦਾ ਕਿਹੜਾ ਵਿਅਕਤੀ ਚੋਣ ਮੈਦਾਨ ਵਿੱਚ ਆ ਰਿਹਾ ਹੈ...? ਹੁਣ ਸਿਰਫ਼ ਨਾਮ ਹੀ ਜਨਤਕ ਹੋ ਰਹੇ ਹਨ, ਤਿਆਰੀਆਂ ਤਾਂ ਪਿਛਲੇ ਇੱਕ ਸਾਲ ਤੋਂ ਸ਼ੁਰੂ ਹੋ ਚੁੱਕੀਆਂ ਸਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਡੇ ਪਿੰਡ ਦੀ ਪੰਚਾਇਤ ਕਿਹੋ ਜਿਹੀ ਹੋਣੀ ਚਾਹੀਦੀ ਹੈ...? ਉਸ ਵਿੱਚ ਮੈਂਬਰਾਂ ਦੀ ਚੋਣ ਕਿਸ ਪੈਰਾਮੀਟਰ ਦੇ ਨਜ਼ਰੀਏ ਤੋਂ ਕੀਤੀ ਜਾਵੇ ਤਾਂ ਜੋ ਪਿੰਡ ਦੇ ਸਰਬਪੱਖੀ ਵਿਕਾਸ ਹੋ ਸਕੇ...? ਅਕਸਰ ਹੀ ਰਾਜਨੀਤਿਕ ਪਾਰਟੀਆਂ, ਨੇਤਾਵਾਂ, ਸਰਪੰਚਾਂ-ਪੰਚਾਂ @ਤੇ ਜਿੱਤਣ ਤੋਂ ਬਾਅਦ ਅਨੇਕਾਂ ਦੂਸ਼ਣਬਾਜ਼ੀਆਂ, ਸਰਬਪੱਖੀ ਵਿਕਾਸ ਨਾ ਕਰਨ ਜਾਂ ਕੀਤੇ ਵਾਅਦਿਆਂ ਨੂੰ ਪੂਰਾ ਨਾਲ ਕਰਨ ਦੇ ਦੋਸ਼ ਲਗਾਏ ਜਾਂਦੇ ਹਨ ਜਦੋਂ ਕਿ ਉਨ੍ਹਾਂ ਨੁਮਿੰਦਿਆਂ ਨੂੰ ਅਸੀਂ ਹੀ ਚੁਣਦੇ ਹਾਂ ਤਾਂ ਫਿਰ ਕਿਉਂ..? ਇਸ ਲਈ ਆਉਣ ਵਾਲੀ 15 ਅਕੂਤਬਰ 2024 ਨੂੰ ਪੰਚਾਇਤਾਂ ਲਈ ਸਰਪੰਚਾਂ ਤੇ ਮੈਂਬਰਾਂ ਦੀ ਚੋਣਨ ਤੋਂ ਪਹਿਲਾਂ ਜ਼ਰ੍ਹਾ ਸੋਚੀਏ..? ਕਿ ਸਾਨੂੰ ਕਿਸ ਤਰ੍ਹਾਂ ਦੀਆਂ ਪੰਚਾਇਤਾਂ ਦੀ ਲੋੜ ਹੈ..? ਕਿਹੜੇ ਗੁਣਾਂ ਵਾਲੇ ਉਮੀਦਵਾਰਾਂ ਨੂੰ ਪਹਿਲ ਦੇਈਏ..?

ਪੰਚਾਇਤੀ ਨੁਮਾਇੰਦਿਆਂ ਨੂੰ ਚੁਣਦੇ ਸਮੇਂ ਅਕਸਰ ਹੀ ਦੇਖਿਆ ਜਾਂਦਾ ਹੈ ਕਿ ਜਦੋਂ ਸਰਪੰਚ ਜਾਂ ਪੰਚ ਦੀ ਚੋਣ ਰਾਖਵੀਂ ਭਾਵ ਕਿਸੇ ਔਰਤ ਲਈ ਰਿਜ਼ਰਵ ਹੋਵੇ ਤਾਂ ਉੱਥੇ ਉਮੀਦਵਾਰ ਵਜੋਂ ਔਰਤ ਆਪਣੀ ਭੂਮਿਕਾ ਤਾਂ ਨਿਭਾਉਂਦੀ ਹੈ ਪਰ ਜਿੱਤਣ ਤੋਂ ਬਾਅਦ ਉਸ ਔਰਤ ਪੰਚ/ਸਰਪੰਚ ਦਾ ਕਾਰਜ ਤੇ ਸ਼ਕਤੀਆਂ ਦੀ ਵਰਤੋਂ ਅਸੰਵਿਧਾਨਕ ਤੌਰ @ਤੇ ਔਰਤ ਦੇ ਪਰਿਵਾਰਿਕ ਮਰਦ ਵਿਅਕਤੀ ਵਜੋਂ ਕੀਤੀ ਜਾਂਦੀ ਹੈ ਜੋ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਸਭ ਤੋਂ ਵੱਡਾ ਘਾਣ ਹੈ। ਇਥੇ ਔਰਤ ਦੀ ਬਰਾਬਰਤਾ ਜਾਂ ਸਸ਼ਕਤੀਕਰਨ ਦੀਆਂ ਗੱਲਾਂ ਦੀ ਪੋਲ ਖੁੱਲ੍ਹ ਜਾਂਦੀ ਹੈ।ਇਸ ਲਈ ਸਭ ਨੂੰ ਪ੍ਰਾਣ ਇਹ ਕਰਨਾ ਚਾਹੀਦਾ ਹੈ ਕਿ ਸੰਵਿਧਾਨਿਕ ਤਰੀਕੇ ਨਾਲ ਜਿਸ ਉਮੀਦਵਾਰ ਨੂੰ ਰਾਖਵਾਂਕਰਨ ਵਜੋਂ ਨਿਰਧਾਰਤ ਕੀਤਾ ਗਿਆ ਹੈ ਜਾਂ ਉਮੀਦਵਾਰ ਚੋਣ ਲੜ੍ਹਦਾ ਹੈ ਉਹੀ ਉਮੀਦਵਾਰ ਆਪਣੀਆਂ ਸ਼ਕਤੀਆਂ ਤੇ ਕੰਮਾਂ ਦੀ ਵਰਤੋਂ ਕਰੇ।

ਇਸ ਤੋਂ ਇਲਾਵਾ ਅਸੀਂ ਆਪਣਾ ਪੰਚ/ਸਰਪੰਚ ਤਾਏ /ਚਾਚੇ ਜਾਂ ਕਿਸੇ ਖ਼ਾਸ ਧੜੇ ਜਾਂ ਪਾਰਟੀ ਦੇ ਕਹਿਣ @ਤੇ ਚੁਣਦੇ ਹਾਂ ਤਾਂ ਸੁਭਾਵਿਕ ਹੈ ਕਿ ਉਹ ਤੁਹਾਡੀ ਪਸੰਦ ਨਹੀਂ ਬਲਕਿ ਤੁਹਾਡੇ ਤਾਏ/ਚਾਚੇ ਜਾਂ ਧੜੇ ਦੀ ਹਉਮੈਂ ਜਾਂ ਲਾਲਸਾ ਤੋਂ ਪੈਦਾ ਹੋਇਆ ਇੱਕ ਗੁਲਾਮ ਸੋਚ ਵਾਲਾ ਵਿਅਕਤੀ ਤੋਂ ਜ਼ਿਆਦਾ ਕੁਝ ਨਹੀਂ ਹੋ ਸਕਦਾ ਤਾਂ ਹੁਣ ਸਮਾਂ ਹੈ ਤਹਿ ਕਰਨ ਦਾ ਕਿ ਮੇਰੇ ਪਿੰਡ ਦੀ ਪੰਚਾਇਤ ਕਿਹੋ ਜਿਹੀ ਹੋਵੇ....? ਪੰਚਾਇਤ ਮੈਂਬਰਾਂ ਦੀ ਚੋਣ ਕਰਦੇ ਸਮੇਂ ਧਿਆਨ ਰੱਖਿਆ ਜਾਵੇ ਕਿ ਗ੍ਰਾਮ ਪੰਚਾਇਤ ਸਿਰਫ਼ ਸਰਵਜਨਿਕ ਕੰਮ (ਗਲੀਆਂ ਨਾਲੀਆਂ, ਸੜਕਾਂ ਜਨਤਕ ਥਾਵਾਂ ਦੀ ਸੰਭਾਲ, ਰੁੱਖ ਲਗਾਉਣੇ, ਸਮਾਜਿਕ ਕੁਰੀਤੀਆਂ ਖਿਲਾਫ਼ ਲੜਨਾ, ਖੇਤੀ, ਵਪਾਰ ਤੇ ਦਿਹਾਤੀ ਉਦਯੋਗ ਆਦਿ) ਨੂੰ ਪ੍ਰਫੁੱਲਿਤ ਕਰਨ ਦੇ ਨਾਲ-ਨਾਲ ਪ੍ਰਸ਼ਾਸਨਿਕ ਕੰਮ (ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਆਪਣੇ ਅਧਿਕਾਰ ਖੇਤਰ ਵਿੱਚ ਗੈਰ ਕਾਨੂੰਨੀ ਕੰਮਾਂ ਨੂੰ ਰੋਕਣਾ, ਪੁਲਿਸ ਦੀ ਮੱਦਦ ਕਰਨਾ ਅਤੇ ਨਸ਼ਾਬੰਦੀ ਲਾਗੂ ਕਰਨਾ ਆਦਿ) ਅਤੇ ਲੋੜ ਪੈਣ @ਤੇ ਨਿਆਇਕ ਕੰਮ ਵੀ ਆਪਣੇ ਅਧਿਕਾਰ ਖੇਤਰ ਵਿੱਚ ਕਰਨੇ ਹੁੰਦੇ ਹਨ ਤਾਂ ਸਮੁੱਚੇ ਕੰਮ ਕਰਨ ਦੀ ਯੋਗਤਾ ਚੁਣੀ ਹੋਈ ਪੰਚਾਇਤ ਵਿੱਚ ਹੋਣੀ ਚਾਹੀਦੀ ਹੈ।

ਵਿਅਕਤੀਗਤ ਗੁਣਾਂ ਨੂੰ ਦੇਖਦੇ ਹੋਏ ਗ੍ਰਾਮ ਪੰਚਾਇਤ ਦੇ ਮੈਂਬਰਾਂ ਵਿੱਚ ਸਭ ਤੋਂ ਵੱਡਮੁੱਲਾ ਗੁਣ ਉਸ ਵਿੱਚ ਅਖ਼ਲਾਕ ਭਾਵ ਗ਼ੈਰਤ ਹੋਣੀ ਚਾਹੀਦੀ ਹੈ। ਉਹ ਨੈਤਿਕ ਕਦਰਾਂ-ਕੀਮਤਾਂ ਨਾਲ ਲੈਸ ਹੋਵੇ। ਨੈਤਿਕ ਕਦਰਾਂ-ਕੀਮਤਾਂ ਸਵੈ ਇੱਛਾ ਨਾਲ ਕਿਸੇ ਵਿਅਕਤੀ ਜਾਂ ਸਮੂਹ ਦੇ ਚੰਗੇਰੇ ਹਿੱਤ ਲਈ ਕੀਤਾ ਗਿਆ ਕਾਰਜ ਹੁੰਦਾ ਹੈ ਜਿਸ ਨੂੰ ਕਰਨਾ ਜਾਂ ਨਾ ਕਰਨਾ ਤੁਹਾਡੀ ਸਵੈ ਇੱਛਾ @ਤੇ ਨਿਰਭਰ ਕਰਦਾ ਹੁੰਦਾ ਹੈ। ਦੂਸਰਾ ਉਮੀਦਵਾਰ ਇਮਾਨਦਾਰ ਤੇ ਪੜ੍ਹਿਆ-ਲਿਖਿਆ ਜ਼ਰੂਰ ਹੋਵੇ।ਖ਼ਾਸਕਰ ਸਰਪੰਚ ਤਾਂ ਬੇਹੱਦ ਜਰੂਰੀ ਹੈ ਕਿਉਂਕਿ ਅੱਜ-ਕੱਲ੍ਹ ਦਾ ਸਮਾਂ ਤਕਨੀਕ ਦਾ ਯੁੱਗ ਹੈ, ਬਹੁ ਗਿਣਤੀ ਸਰਕਾਰੀ ਕਾਰਜ ਅਤੇ ਸਕੀਮਾਂ ਆਨਲਾਈਨ ਪੱਧਰ @ਤੇ ਹੀ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਲਈ ਉਨ੍ਹਾਂ ਨੂੰ ਸਮਝਣ ਲਈ ਇੱਕ ਪੜ੍ਹੇ-ਲਿਖੇ ਉਮੀਦਵਾਰ ਦਾ ਹੋਣਾ ਜਰੂਰੀ ਹੈ। ਉਮੀਦਵਾਰ ਬੇਦਾਗ਼ ਹੋਣਾ ਚਾਹੀਦਾ ਹੈ ਉਸ ਉੱਪਰ ਕਿਸੇ ਤਰ੍ਹਾਂ ਦਾ ਸ਼ਰਮਨਾਕ ਇਲਜ਼ਾਮ ਜਾਂ ਜੁਰਮ ਦਾ ਕਲੰਕ ਨਾ ਲੱਗਿਆ ਹੋਵੇ ਕਿਉਂਕਿ ਅਜਿਹੇ ਕਲੰਕਿਤ ਵਿਅਕਤੀ ਕਦੇ ਵੀ ਕਿਸੇ ਇਕੱਠ ਜਾਂ ਸਭਾ ਵਿੱਚ ਹਿੱਕ ਠੋਕ ਕੇ ਆਪਣੀ ਗੱਲ ਨਹੀਂ ਰੱਖ ਸਕਦੇ। ਉਮੀਦਵਾਰ ਦਾ ਕਿਸੇ ਨਾ ਕਿਸੇ ਰਾਜਨੀਤਿਕ ਧਿਰ ਨਾਲ ਸਬੰਧ ਤਾਂ ਜ਼ਰੂਰ ਹੁੰਦਾ ਹੈ ਖ਼ਾਸਕਰ ਮੌਜੂਦਾ ਸਰਕਾਰਾਂ ਦੇ ਧਿਰ ਦੀਆਂ ਪੰਚਾਇਤਾਂ ਹੀ ਪਿੰਡ ਦੇ ਲੋਕਾਂ ਵੱਲੋਂ ਚੁਣਨ ਦੀ ਤਰਜੀਹ ਦਿੱਤੀ ਜਾਂਦੀ ਹੈ।ਜਿਸ ਨਾਲ ਪਿੰਡ ਦੀ ਵਿਕਾਸ ਕਾਰਜ ਹੋ ਸਕਣ ਜੋ ਕਿਸੇ ਹੱਦ ਤੱਕ ਤਾਂ ਵਾਜਿਬ ਜਾਪਦਾ ਹੈ ਪਰ ਚੁਣੇ ਹੋਏ ਮੈਂਬਰ ਸਿਰਫ਼ ਰਾਜਨੀਤਿਕ ਪਾਰਟੀ ਦਾ ਹਿੱਸਾ ਹੀ ਨਾ ਹੋਣ ਬਲਕਿ ਗੁਣਵਾਨ ਵੀ ਹੋਣੇ ਚਾਹੀਦੇ ਹਨ ਤਾਂ ਜ਼ੋ ਆਪਣੀ ਸੂਝ ਨਾਲ ਪਰਾਟੀ ਬਾਜ਼ੀ ਤੋਂ ਉੱਪਰ ਉੱਠ ਪਿੰਡ ਦੇ ਵਿਕਾਸ ਕਾਰਜਾਂ ਲਈ ਤਤਪਰ ਰਹਿੰਦਿਆਂ ਸਰਕਾਰੀ ਵਿਕਾਸ ਨਿਤੀਆਂ ਅਤੇ ਪੰਚਾਇਤ ਲਈ ਆਮਦਨ ਸ੍ਰੋਤਾਂ ਨੂੰ ਵਧਾਉਣ ਦੇ ਵਸੀਲੇ ਪੈਦਾ ਕਰਦੇ ਰਹਿਣੇ ਚਾਹੀਦੇ ਹਨ। ਕਿਸੇ ਪਿੰਡ ਦੀ ਤਰੱਕੀ ਉਸ ਪਿੰਡ ਦੀ ਪੰਚਾਇਤ @ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੁੰਦੀ ਹੈ। ਆਓ ਨਿੱਜੀ ਰੰਜਿਸ਼ਾਂ ਨੂੰ ਤਿਆਗਦੇ ਹੋਏ ਨੌਜਵਾਨ, ਪੜ੍ਹੀ-ਲਿਖੀ, ਸੂਝਵਾਨ, ਕਾਨੂੰਨੀ ਜਾਣਕਾਰੀ ਰੱਖਣ ਵਾਲੀ, ਨੈਤਿਕ ਕਦਰਾਂ ਕੀਮਤਾਂ ਨਾਲ ਲੈਸ ਪਿੰਡ ਨੂੰ ਸਮਰਪਿਤ ਪੰਚਾਇਤ ਦੀ ਚੋਣ ਕਰੀਏ ਤਾਂ ਜੋ ਭਾਰਤੀ ਲੋਕਤੰਤਰ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਦੁਆਰਾ ਪਿੰਡਾਂ ਤੋਂ ਦੇਸ਼ ਦੀ ਵਿਕਾਸ ਗਤੀ ਨੂੰ ਤੇਜ਼ੀ ਨਾਲ ਅੱਗੇ ਵਧਾਈਏ।

ਲੇਖਕ: ਗੁਰਵੀਰ ਸਿੰਘ ਸਰੌਦ
ਸੰਪਰਕ: 9417971451

## ਇਨਸਾਨੀਅਤ

ਇੱਕ ਪਿੰਡ ਵਿੱਚ ਇੱਕ ਰਣਜੀਤ ਨਾਂ ਦਾ ਇੱਕ ਲੜਕਾ ਰਹਿੰਦਾ ਸੀ। ਉਂਝ ਉਹ ਭਾਵੇਂ ਗਰੀਬ ਸੀ ਪਰ ਫਿਰ ਵੀ ਉਸਦਾ ਦਿਲ ਲੋੜਵੰਦਾਂ ਦੀ ਮਦਦ ਲਈ ਤਤਪਰ ਰਹਿੰਦਾ ਸੀ। ਇੱਕ ਦਿਨ ਉਸ ਨੇ ਦੇਖਿਆ ਕਿ ਇੱਕ ਔਰਤ ਨੂੰ ਡਾਕਟਰ ਆਪਣੇ ਹਸਪਤਾਲੋਂ ਫਟਿਕਾਰ ਕੇ ਬਿਨਾਂ ਇਲਾਜ ਤੋਂ ਬਾਹਰ ਕੱਢ ਰਹੇ ਸਨ। ਰਣਜੀਤ ਝੱਟ-ਪਟ ਦੌੜ ਕੇ ਆਪਣੇ ਪਿਤਾ ਜੀ ਕੋਲ ਗਿਆ ਤੇ ਪੁੱਛਿਆ , "ਪਿਤਾ ਜੀ ! ਉਹ ਡਾਕਟਰ ਇੱਕ ਔਰਤ ਨੂੰ ਹਸਪਤਾਲ ਤੋਂ ਇੰਝ ਬਾਹਰ ਕਿਉਂ ਕੱਢ ਰਹੇ ਹਨ, ਨਿਰਾਦਰੀ ਵੀ ਕਰ ਰਹੇ ਹਨ, ਕਿਉਂ ?" ਉਸਦੇ ਪਿਤਾ ਜੀ ਨੇ ਦੱਸਿਆ, "ਬੇਟਾ ! ਉਹ ਔਰਤ ਅਤਿ ਗਰੀਬ ਹੈ, ਉਹ ਹਸਪਤਾਲ ਦੇ ਇਲਾਜ ਦਾ ਬਿੱਲ ਨਹੀਂ ਚੁਕਾ ਸਕਦੀ, ਉਂਝ ਉਹ ਸਖਤ ਬਿਮਾਰ ਹੈ, ਸਮਝੋ ਮਰਨ ਕੰਢੇ ਹੀ ਹੈ।" ਤਾਂ ਰਣਜੀਤ ਨੇ ਕਿਹਾ, "ਪਿਤਾ ਜੀ ! ਸਾਨੂੰ ਉਸਦੀ ਮਦਦ ਕਰਨੀ ਚਾਹੀਦੀ ਹੈ।" ਤਾਂ ਪਿਤਾ ਜੀ ਕਹਿਣ ਲੱਗੇ ,"ਦੇਖ ਰਣਜੀਤ ਪੁੱਤਰ ! ਇੰਝ ਨਹੀਂ ਹੁੰਦਾ, ਇੰਝ ਤਾਂ ਸਾਰੀ ਦੁਨੀਆ ਹੀ ਗਰੀਬ ਹੈ, ਦੂਜੀ ਗੱਲ ਅਸੀਂ ਤਾਂ ਆਪ ਗਰੀਬ ਹਾਂ, ਅਸੀਂ ਕਿਸੇ ਦੀ ਮਦਦ ਕਿਵੇਂ ਕਰ ਸਕਦੇ ਹਾਂ ?" ਪਿਤਾ ਜੀ ਦੀ ਗੱਲ ਸੁਣ ਕੇ ਰਣਜੀਤ ਦੀ ਸੰਤੁਸਟੀ ਨਾ ਹੋਈ। ਉਹ ਉਥੋਂ ਚਲਾ ਗਿਆ। ਉਸ ਨੇ ਦਿਲ ਵਿੱਚ ਧਾਰ ਲਿਆ ਕਿ ਉਹ ਉਸ ਔਰਤ ਦੀ ਮਦਦ ਜਰੂਰ ਕਰੇਗਾ। ਉਸ ਨੇ ਦਿਨ-ਰਾਤ ਇੱਕ ਕਰ ਦਿੱਤਾ ਅਤੇ ਚੰਦਾ ਇਕੱਠਾ ਕਰਨਾ ਸੁਰੂ ਕਰ ਦਿੱਤਾ, ਜਲਦੀ ਹੀ ਉਸ ਕੋਲ ਲੋੜੀਂਦੀ ਰੋਟੀ ਦੇ ਰਪਏ ਇਕੱਠੇ ਹੋ ਗਏ। ਕਾਹਲ਼ੀ-ਕਾਹਲ਼ੀ ਉਹ ਪੈਸੇ ਲੈ ਕੇ ਉਸ ਔਰਤ ਕੋਲ ਪਹੁੰਚ ਗਿਆ। ਉਹ ਔਰਤ ਬਹੁਤ ਖੁਸ ਹੋ ਗਈ। ਉਸ ਔਰਤ ਨੇ ਆਪਣਾ ਇਲਾਜ ਕਰਵਾਇਆ। ਫਿਰ ਡਾਕਟਰ ਨੇ ਉਸ ਔਰਤ ਕੋਲੋਂ ਪੈਸੇ ਲੈਂਦਿਆ, ਪੁੱਛਿਆ, "ਤੁਹਾਡੇ ਕੋਲ ਇੰਨੇ ਪੈਸੇ ਕਿੱਥੋਂ ਆਏ ? ਤੁਸੀਂ ਤਾਂ ਗਰੀਬ ਹੋ, ਕੁਝ ਦਿਨ ਪਹਿਲਾਂ ਤੁਸੀਂ ਆਏ ਸੀ ਤਾਂ ਤੁਹਾਡੇ ਕੋਲ ਇਲਾਜ ਲਈ ਪੈਸੇ ਨਹੀਂ ਸਨ,ਅਚਾਨਕ ਕਿੱਥੋ ਆਏ.? ਉਸ ਔਰਤ ਨੇ ਸਾਰੀ ਗੱਲ ਦੱਸੀ ਕਿ ਉਸ ਦੇ ਪਿੰਡ ਦਾ ਇੱਕ ਅਤਿ ਗਰੀਬ ਲੜਕਾ ਹੈ ਰਣਜੀਤ ,ਉਸ ਨੇ ਇਹ ਪੈਸੇ ਚੰਦਾ ਇਕੱਠਾ ਕਰਕੇ ਮੈਨੂੰ ਦਿੱਤੇ ਹਨ। ਇਹ ਗੱਲ ਸੁਣ ਕੇ ਡਾਕਟਰ ਨੇ ਉਸ ਔਰਤ ਤੋਂ ਪੈਸੇ ਨਾ ਲਏ ਤੇ ਕਹਿਣ ਲੱਗੇ, "ਜਦ ਪਿੰਡ ਵਿੱਚ ਰਹਿੰਦਾ ਇੱਕ ਅਤਿ ਗਰੀਬ ਬੱਚਾ ਰਣਜੀਤ ਦਾ ਦਿਲ ਦੂਜਿਆਂ ਦੀ ਮਦਦ ਲਈ ਇੰਨਾ ਤਤਪਰ ਹੋ ਸਕਦਾ ਹੈ ਤਾਂ ਮੈਂ ਤੁਹਾਡੇ ਕੋਲੋਂ ਪੈਸੇ ਕਿਉਂ ਲਵਾਂ ? ਮੇਰੇ ਅੰਦਰ ਵੀ ਤਾਂ ਦਿਲ ਹੈ।" ਉਸ ਔਰਤ ਨੇ ਰਣਜੀਤ ਨੂੰ ਪੈਸੇ ਵਾਪਸ ਕਰ ਦਿੱਤੇ। ਰਣਜੀਤ ਨੇ ਪੁੱਛਿਆ ,"ਆਂਟੀ ਜੀ ! ਕਿਉਂ..? ਕੀ ਹੋਇਆ ? ਕੀ ਪੈਸੇ ਘੱਟ ਹਨ ?" ਤਾਂ ਔਰਤ ਨੇ ਕਿਹਾ, " ਨਹੀਂ ਰਣਜੀਤ.! ਜਦੋਂ ਇਲਾਜ ਉਪਰੰਤ ਤੇਰੇ ਸੋਹਣੇ ਜਿਹੇ ਦਿਲ ਬਾਰੇ ਮੈਂ ਡਾਕਟਰ ਨੂੰ ਦੱਸਿਆ ਤਾਂ ਡਾਕਟਰ ਨੇ ਬਿਨਾਂ ਪੈਸਿਆਂ ਤੋਂ ਹੀ ਮੇਰਾ ਓਪਰੇਸਨ ਕਰ ਦਿੱਤਾ ਹੈ, ਤੁਹਾਡਾ ਧੰਨਵਾਦ !" ਰਣਜੀਤ ਨੇ ਕਿਹਾ ,"ਸ਼ੁਕਰ ਐ ! ਇਸ ਦੇਸ ਵਿੱਚ ਹਾਲੇ ਤੱਕ ਵੀ ਬਹੁਤ ਲੋਕਾਂ ਦੇ ਅੰਦਰ ਇਨਸਾਨੀਅਤ ਹੈ।" ਰਣਜੀਤ ਨੇ ਓਹ ਰਾਸ਼ੀ ਹੋਰਨਾ ਲੋੜਵੰਦਾਂ ਦੀ ਮੱਦਦ ਉੱਪਰ ਖਰਚ ਦਿੱਤੀ, ਦੇਖਿਆ ਬੱਚਿਓ ! ਹਰੇਕ ਇਨਸਾਨ ਵਿੱਚ ਇਨਸਾਨੀਅਤ ਹੁੰਦੀ ਹੈ ਪਰ ਜੇ ਕੋਈ ਮਹਿਸੂਸ ਕਰੇ ਤਾਂ ਬੱਚਿਓ ਮੈਂ ਤੁਹਾਨੂੰ ਇਸ ਕਹਾਣੀ ਰਾਹੀਂ ਇਹ ਦੱਸਣ ਦੀ ਕੋਸਸਿ ਕੀਤੀ ਹੈ ਕਿ ਆਪਣੇ ਅੰਦਰ ਦੀ ਇਨਸਾਨੀਅਤ ਕਦੇ ਵੀ ਮਰਨ ਨਾ ਦਿਓ। ਲੋੜਵੰਦਾਂ ਦੀ ਮਦਦ ਕਰਨ ਲਈ ਹਮੇਸਾ ਤਿਆਰ ਰਹੋ, ਤੁਸੀਂ ਕੋਈ ਭਲਾਈ ਕਰਨ ਦੀ ਕੋਸਸਿ ਕਰ ਕੇ ਤਾਂ ਦੇਖੋ ਹੋਰ ਬੜੇ ਲੋਕ ਤੁਹਾਡੇ ਸਾਥ ਲਈ ਤਿਆਰ ਹੋ ਜਾਂਦੇ ਹਨ।

- ਗੀਤਾਂਜਲੀ ਮੋ: 81461 15175

## ਜਲਦੀ ਸੌਂ ਜਾਣਾ

ਘਰ ਇਕੱਲਾ ਸੀ...ਉਸਦਾ ਫੋਨ ਆਇਆ ਕਹਿੰਦਾ,÷ ਆਪਾਂ ਦੋਏ ਪੈ ਜਾਵਾਂਗੇ ਬੰਦੇ ਨੂੰ ਬੰਦੇ ਦਾ ਸਹਾਰਾ ਹੁੰਦਾ।÷ ਮੈਂ ਸੋਚਣ ਲੱਗਾਂ ਚੱਲ ਵਧੀਆ,ਆਹ ਫੋਨ ਕਿਹੜਾ ਐਨਾ ਵੇਖ ਹੁੰਦਾ ਏ...ਨਾ ਇਸ ਕੋਲ ਹਮਦਰਦੀ ਏ,ਨਾ ਪਿਆਰ,ਨਾ ਗੱਲਾਂ ਨਾ ਹੀ ਸਕੂਨ ਤੇ ਬੇਜ਼ੁਬਾਨ ਹੈ...ਜੋ ਦੂਜੇ ਇਸ @ਚ ਭੇਜੀ ਜਾਂਦੇ ਓਹੀ ਸਭ ਹੈ...ਚਲੋ ਸ਼ੁਕਰ ਹੈ ਉਹ ਆ ਰਿਹਾ... ਗੱਲਾਂ ਬਾਤਾਂ ਕਰਾਂਗੇ ਚਿਤ ਵਧੀਆ ਰਹੇਗਾ। ਫੋਨ ਪਾਸੇ ਰੱਖਿਆ ਸਫ਼ਾਈ ਕੀਤੀ,ਉਸ ਖ਼ਾਤਰ ਮੰਜਾ ਡਾਹਿਆ, ਬਿਸਤਰਾ ਵਿਛਾਇਆ ਤੇ ਉਡੀਕ ਕਰਨ ਲੱਗਾ। ਬੂਹਾ ਖੜਕਿਆ...ਉਹ ਆਇਆ ਮੰਜੇ @ਤੇ ਬੈਠਾ...ਸਰਸਰੀ ਜਿਹੀ ਗੱਲ ਕੀਤੀ ਹਾਲ ਚਾਲ ਪੁੱਛਿਆ ਤੇ ਆਪਣਾ ਫੋਨ ਕੱਢਿਆ... ਵੇਖਣ ਲੱਗਾ ਪੰਜ...ਦਸ...ਪੰਦਰਾਂ... ਤੀਹ ਮਿੰਟ...ਬਿਨਾਂ ਕੋਈ ਗੱਲ ਕੀਤੇ ਉਹ ਫੋਨ ਵੇਂਹਦਾ ਰਿਹਾ...ਮੈਂ ਉਸਦੇ ਬੋਲਣ ਦੀ ਉਡੀਕ ਵਿੱਚ ਬੈਠਾ ਰਿਹਾ... ÷ਚਲੋ ਠੀਕ ਹੈ ਮੈਨੂੰ ਨੀਂਦ ਆ ਰਹੀ,ਤੁਸੀਂ ਵੀ ਜਲਦੀ ਫੋਨ ਬੰਦ ਕਰਕੇ ਸੌਂ ਜਾਣਾ।÷

*ਜਗਜੀਤ ਸਿੰਘ ਦਿਲਾ ਰਾਮ* ਫਿਰੋਜ਼ਪੁਰ
ਮੋਬਾਈਲ 9914701060

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273

Website: www.preetnama.com Email preetnamausa@gmail.com

11 OCT TO 17 OCT , 2024











# ਕੈਨੇਡਾ ਵਿੱਚ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸਕਲਾਂ

ਜਗਦੇਵ ਸਿੰਘ ਕਾਹਲੋਂ
ਸਰਕਾਰੀ ਮਿਡਲ ਸਕੂਲ ਕਬੀਰਪੁਰ, ਕਪੂਰਥਲਾ

ਸਾਡੇ ਪ੍ਰਦੇਸ ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਵਿਚ ਪੜ੍ਹਨ ਜਾਣ ਦੇ ਚਾਹਵਾਨ ਹੁੰਦੇ ਹਨ। ਜਿਸ ਦਾ ਮੁੱਖ ਕਾਰਨ ਸਾਡੇ ਦੇਸ਼ ਵਿੱਚ ਰੋਜ਼ਗਾਰ ਦੀ ਘਾਟ ਅਤੇ ਮੁਕਾਬਲੇ ਦਾ ਵੱਧ ਹੋਣਾ ਹੈ। ਜਦੋ ਕੋਈ ਬੱਚਾ ਪੜ ?ਨ ਲਈ ਵਿਦੇਸ਼ ਜਾਦਾ ਹੈ ਤਾਂ ਮਾਪਿਆ ਨੂੰ ਇਵੇ ਮਹਿਸੂਸ ਹੁੰਦਾ ਹੈ ਜਿਵੇ ਉਹਨਾ ਦਾ ਬੱਚਾ ਰੋਜੀ-ਰੋਟੀ ਕਮਾਉਣ ਦੇ ਯੋਗ ਹੋ ਗਿਆ ਹੋਵੇ। ਜੇਕਰ ਕੋਈ ਬੱਚਾ ਵਿਦੇਸ਼ ਜਾ ਕੇ 5-7 ਸਾਲ ਮਿਹਨਤ ਨਾਲ ਆਪਣੀ ਪੜ੍ਹਾਈ ਪੂਰੀ ਕਰ ਲਵੇ ਤਾ ਉਹ ਕੋਈ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਯੋਗ ਵੀ ਹੋ ਜਾਦਾ ਹੈ। ਪ੍ਰੰਤੂ ਇਹਨਾ 5-7 ਸਾਲਾ ਦੌਰਾਨ ਵਿਦਿਆਰਥੀਆ ਨੂੰ ਬਹੁਤ ਸਾਰੀਆਂ ਮੁਸਕਲਾ ਵਿੱਚੋ ਲੰਘਣਾ ਪੈਦਾ ਹੈ। ਜਿੰਨਾ ਨੂੰ ਅੱਖੋ -ਪਰੋਖੇ ਕਰਨਾ ਵੀ ਵੱਡੀ ਗਲਤੀ ਹੁੰਦੀ ਹੈ। ਇਸ ਸਮੇ ਵਿਦਿਆਰਥੀ ਦਾ ਕੋਈ ਦੋਸਤ, ਰਿਸ਼ਤੇਦਾਰ ਵਿਦੇਸ਼ ਚਲਾ ਜਾਂਦਾ ਹੈ ਤਾ ਉਸ ਵਿਦਿਆਰਥੀ ਅੰਦਰ ਵੀ ਵਿਦੇਸ਼ ਜਾਣ ਦੀ ਉਤਸੁਕਤਾ ਵੱਧ ਜਾਂਦੀ ਹੈ। ਪੰਜਾਬ ਤੋ ਲੱਖਾਂ ਵਿਦਿਆਰਥੀ ਪੜਾਈ ਲਈ ਕੇਨੈਡਾ ਪਹੁੰਚ ਚੁੱਕੇ ਹਨ ਤੇ ਹੋਰ ਵੀ ਜਾ ਰਹੇ ਹਨ। ਜੇਕਰ ਇਹਨਾਂ ਵਿਦਿਆਰਥੀਆ ਨੂੰ ਕੇਨੈਡਾ ਵਿੱਚ ਪੇਸ਼ ਆ ਰਹੀਆ ਮੁਸ਼ਕਲਾਂ ਦੀ ਗੱਲ ਕੀਤੀ ਜਾਵੇ ਤਾ ਵਿਦਿਆਰਥੀਆ ਨੂੰ ਉੱਥੋ ਦੇ ਵਿਦਿਆਰਥੀਆ ਤੋ ਲਗਭਗ ਤਿੰਨ ਗੁਣਾ ਵੱਧ ਫੀਸ ਦੇਣੀ ਪੈਂਦੀ ਹੈ। ਫੀਸ ਦੇ ਨਾਲ -ਨਾਲ ਰਹਿਣ ਲਈ ਘਰ, ਕਰਿਆਨੇ, ਸਬਜੀ ਆਦਿ ਦਾ ਖਰਚਾ, ਕਾਰ ਚਲਾਉਣ ਦਾ ਲਾਈਸੰਸ ਲੈਣਾ ਆਦਿ ਵੱਡੇ ਖਰਚੇ ਹਨ। ਕੇਨੈਡਾ ਵਿੱਚ ਸਕੇਲ ਵਰਕਰ ਅਤੇ ਚੰਗੀ ਨੌਕਰੀ ਵਾਲਿਆ ਦੀ ਤਨਖਾਹ ਠੀਕ ਹੁੰਦੀ ਹੈ।ਪਰ ਜਿਹੜੇ ਵਿਦਿਆਰਥੀ ਜਾਦੇ ਹਨ ਉਹਨਾ ਨੂੰ ਕੰਮ ਲੱਭਣ ਵਿੱਚ ਬਹੁਤ ਮੁਸਕਲ ਆਉਂਦੀ ਹੈ। ਜੇਕਰ ਕੰਮ ਮਿਲ ਵੀ ਜਾਵੇ ਤਾ ਘੱਟ ਤੋ ਘੱਟ ਰੇਟ ਜਿਹੜਾ ਕੇਨੈਡਾ ਸਰਕਾਰ ਵੱਲੋ ਤਹਿ ਕੀਤਾ ਹੁੰਦਾ ਹੈ ਉਤੇ ਕੰਮ ਕਰਨਾ ਪੈਦਾ ਹੈ। ਪੜਾਈ ਕਰਨੀ, ਕੰਮ ਕਰਨਾ ਅਤੇ ਆਪਣੀ ਰੋਟੀ ਪਾਣੀ ਦਾ ਪ੍ਰਬੰਧ ਕਰਨਾ ਕਈ ਵਿਦਿਆਰਥੀਆ ਲਈ ਉਦਾਸੀ ਦਾ ਕਾਰਨ ਬਣ ਜਾਂਦਾ ਹੈ। ਬਹੁਤ ਸਾਰੇ ਵਿਦਿਆਰਥੀ ਬੈਂਕ ਆੜਤੀਆ ਆਦਿ ਤੋ ਕਰਜਾ ਲੈ ਕੇ ਕੇਨੈਡਾ ਪਹੁੰਚੇ ਹੁੰਦੇ ਹਨ। ਕੇਨੈਡਾ ਦੇ ਖਰਚੇ ਤੇ ਕਰਜਾ ਵਾਪਸ ਕਰਨ ਦਾ ਫਿਕਰ ਦਿਮਾਗੀ ਬੋਝ ਵਿੱਚ ਵਾਧਾ ਕਰਦਾ ਹੈ। ਇਸ ਸਮੇ ਕੇਨੈਡਾ ਦੇ ਵੱਡੇ ਅਤੇ ਮਸ਼ਹੂਰ ਸ਼ਹਿਰਾਂ ਵਿੱਚ ਜਨਸੰਖਿਆ ਇੰਨੀ ਵੱਧ ਚੁੱਕੀ ਹੈ ਕਿ ਦਫਤਰਾਂ ਵਿੱਚ ਕੰਮ ਕਰਵਾਉਣ ਲਈ ਲਾਈਨਾ,ਸੜਕਾ ਉਪਰ ਵਾਹਨਾ ਦੀ ਭੀੜ, ਮਹਿੰਗਾਈ ਦਾ ਵੱਧਣਾ ਤੇ ਆਮਦਨ ਦਾ ਘੱਟ ਹੋ ਗਈ ਹੈ। ਕੇਨੈਡਾ ਬਾਰੇ ਇਹ ਸੁਨਣ ਨੂੰ ਮਿਲਦਾ ਸੀ ਕਿ ਉਥੇ ਇਲਾਜ ਮੁਫਤ ਹੈ। ਜਦ ਕਿ ਸਚਿਆਈ ਇਹ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਪੈਸੇ ਦੇ ਕੇ ਕਰਵਾਉਣਾ ਪੈਦਾ ਹੈ। ਕੁਝ ਕੁ ਬਿਮਾਰੀਆਂ ਦਾ ਇਲਾਜ ਮੁਫਤ ਹੈ ਪਰ ਡਾਕਟਰ ਨੂੰ ਮਿਲਣ ਲਈ ਮਹੀਨਿਆਂ ਬੱਧੀ ਉਡੀਕ ਕਰਨੀ ਪੈਂਦੀ ਹੈ। ਜਿਆਦਾਤਰ ਵਿਦਿਆਰਥੀ ਕੇਨੈਡਾ ਦੇ ਉਹਨਾ ਇਲਾਕਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਿੱਥੇ ਠੰਡ ਘੱਟ ਪੈਦੀ ਹੋਵੇ। ਪਰ ਫਿਰ ਵੀ ਕੇਨੈਡਾ ਵਿੱਚ ਪੰਜਾਬ ਨਾਲੋ ਵੱਧ ਠੰਡ ਪੈਦੀ ਹੈ। ਕੇਨੈਡਾ ਵਿੱਚ ਗਰਮੀ ਦਾ ਮੌਸਮ ਘੱਟ ਅਤੇ ਸਰਦੀ ਬਰਸਾਤ ਦਾ ਮੌਸਮ ਜਿਆਦਾ ਸਮਾ ਰਹਿੰਦਾ ਹੈ। ਸਰਦੀ ਤੇ ਬਰਸਾਤ ਦੇ ਮੌਸਮ ਵਿੱਚ ਕਈ-ਕਈ ਦਿਨ ਸੂਰਜ ਦਿਖਾਈ ਨਹੀ ਦੇਦਾ। ਬਹੁਤ ਸਾਰੇ ਲੋਕਾ ਨੂੰ ਇਸ ਮੌਸਮ ਵਿਚ ਡਿਪ੍ਰੈਸ਼ਨ (ਉਦਾਸੀ) ਵਿਟਾਮਿਨ ਡੀ ਆਦਿ ਦੀ ਘਾਟ ਹੋ ਜਾਦੀ ਹੈ। ਰਹਿਣ ਵਾਲੇ ਘਰਾ ਵਿੱਚ ਹੀਟ ਗਰਮ ਪਾਣੀ ਆਦਿ ਦਾ ਪ੍ਰਬੰਧ ਹੁੰਦਾ ਹੈ। ਪਰ ਇਹਨਾ ਸਹੂਲਤਾ ਦੇ ਬਿੱਲ ਦੇਣੇ ਪੈਂਦੇ ਹਨ। ਇਸ ਦੇਸ਼ ਵਿੱਚ ਨਿੱਕੇ ਤੋ ਲੈ ਕੇ ਵੱਡੇ ਕੰਮ ਕਰਵਾਉਣ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਅਤੇ ਮੋਟੀ ਫੀਸ ਦੇਣੀ ਪੈਂਦੀ ਹੈ। ਇਸ ਦੇਸ ਵਿੱਚ ਉਸ ਫਲ ਤੇ ਸ਼ਬਜੀਆ ਖਾਣ ਲਈ ਇਨਸਾਨ ਤਰਸ ਜਾਦਾ ਹੈ ਜਾਂ ਫਿਰ ਕਹਿ ਲਵੋ ਕਿ ਇਕ ਵੱਡੀ ਰਕਮ ਖਰਚਣੀ ਪੈਦੀ ਹੈ ਜਿਹੜੇ ਸਾਡੇ ਪੰਜਾਬ ਦੇ ਹਰ ਘਰ ਵਿੱਚ ਆਮ ਹੀ ਮਿਲ ਜਾਦੇ ਹਨ। ਕੇਨੈਡਾ ਵਿੱਚ ਘਰਾਂ ਦੀਆ ਕੀਮਤਾ ਇੰਨੀਆ ਵੱਧ ਚੁੱਕਿਆ ਹਨ ਕਿ ਇਕ ਘਰ ਖਰੀਦਣ ਲਈ ਇਕ ਪੀੜੀ ਨੂੰ ਆਪਣੀ ਜਿੰਦਗੀ ਦੀ ਕਮਾਈ ਹੋਈ ਸਾਰੀ ਪੂੰਜੀ ਲਾਉਣੀ ਪੈਦੀ ਹੈ ਅਤੇ ਦਿਨ ਰਾਤ ਕੰਮ ਕਰਨਾ ਪੈਦਾ ਹੈ। ਇਹਨਾ ਕਿਸਤਾ ਅਤੇ ਹੋਰ ਖਰਚਿਆ ਦਾ ਬੋਝ ਕਈ ਲੋਕਾ ਤੇ ਇੰਨਾ ਵੱਧ ਜਾਂਦਾ ਹੈ ਕਿ ਉਹ ਆਪਣੀ ਜਿੰਦਗੀ ਖਤਮ ਕਰਨ ਬਾਰੇ ਸੋਚਣ ਲੱਗ ਪੈਦੇ ਹਨ। ਕੇਨੈਡਾ ਵਿੱਚ ਬੈਕ ਤੋ ਕਰਜਾ ਲੈ ਕੇ ਘਰ ਲੈਣਾ , ਕਾਰ ਲੈਣੀ ਆਦਿ ਉੱਥੋ ਦਾ ਕਲਚਰ ਬਣ ਚੁੱਕਾ ਹੈ। ਸਾਡੇ ਲੋਕ ਇੱਥੇ ਫਸੇ ਮਹਿਸੂਸ ਕਰਦੇ ਹਨ। ਪਰ ਆਪਣੇ ਦੇਸ਼ ਵਾਪਸ ਆਉਣ ਲਈ ਤਿਆਰ ਨਹੀ। ਕਿਉਕਿ ਉੱਥੇ ਇਮਾਨਦਾਰੀ, ਇਨਸਾਫ, ਪ੍ਰਦੂਸ਼ਣ ਰਹਿਤ ਵਾਤਾਵਰਣ, ਇਨਸਾਨੀ ਕਦਰਾ-ਕੀਮਤਾ, ਬੁਢਾਪੇ ਵਿੱਚ ਪੈਨਸ਼ਨ ਦੀ ਸਹੂਲਤ ਕੇਅਰ ਸੈਂਟਰ ਆਦਿ ਇਨਸਾਨ ਲਈ ਇਕ ਵੱਡਾ ਸਹਾਰਾ ਹਨ। ਵਿਦਿਆਰਥੀ ਇਸ ਕਰਕੇ ਵੀ ਨਹੀ ਆ ਸਕਦੇ ਕਿਉਂਕਿ ਉਹ ਇਕ ਵੱਡੀ ਰਕਮ ਤੇ ਸਮਾ ਇਸ ਮੁਲਕ ਵਿੱਚ ਲਾ ਚੁੱਕੇ ਹੁੰਦੇ ਹਨ । ਜੇਕਰ ਵਾਪਸ ਆਪਣੇ ਦੇਸ਼ ਜਾਦੇ ਹਨ ਤਾ ਪੈਸੇ ਅਤੇ ਸਮੇ ਦੀ ਭਰਪਾਈ ਨਹੀ ਕੀਤੀ ਜਾ ਸਕਦੀ। ਲੇਖ ਲਿਖਣ ਦਾ ਮਕਸਦ ਕਿਸੇ ਨੂੰ ਡਰਾਉਣਾ ਨਹੀ ਸਗੋ ਵਿਦਿਆਰਥੀਆ ਨੂੰ ਉਹਨਾ ਮੁਸਕਲਾਂ ਬਾਰੇ ਜਾਣੂ ਕਰਵਾਉਣਾ ਹੈ ਜਿੰਨਾ ਬਾਰੇ ਉਹਨਾ ਨੂੰ ਜਾਣਕਾਰੀ ਨਹੀ ਹੈ ਤਾ ਜੋ ਉਹ ਕੇਨੈਡਾ ਜਾਣ ਤੋ ਪਹਿਲਾ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਕ ਪੱਖ ਤੋ ਮਜਬੂਰ ਕਰ ਲੈਣ। ਇਸ ਸਮੇ ਕੇਨੈਡਾ ਦੀ ਪੀ.ਆਰ ਲੈਣੀ ਵਿਦਿਆਰਥੀਆ ਲਈ ਇਕ ਬਹੁਤ ਹੀ ਵੱਡੀ ਚਣੌਤੀ ਬਣ ਗਈ ਹੈ। ਬਾਰ ?ਵੀ ਪਾਸ ਵਿਦਿਆਰਥੀਆ ਲਈ ਹੋਰ ਵੀ ਔਖਾ ਹੈ। ਕੇਨੈਡਾ ਸਰਕਾਰ ਚਾਹੁੰਦੀ ਹੈ ਕਿ ਬੱਚੇ ਆਪਣੀ ਪੜਾਈ ਪੂਰੀ ਕਰ ਕੇ ਵਾਪਸ ਆਪਣੇ ਦੇਸ਼ ਚਲੇ ਜਾਣ। ਜਰੂਰੀ ਹੈ ਕਿ ਵਿਦਿਆਰਥੀਆ ਹਰ ਸੋਚ ਕੇ ਪੁੱਟਣ ਤਾਂ ਜੋ ਵਾਧੂ ਦੀ ਖੱਜਲ - ਖਵਾਈ ਤੇ ਪੈਸੇ ਦੀ ਬਰਬਾਦੀ ਤੋਂ ਬਚ ਸਕਣ। ਜੇਕਰ ਬੱਚੇ ਆਪਣੇ ਦੇਸ ਤੋਂ ਕੋਈ ਕੰਮ ਸਿੱਖ ਕੇ ਅਤੇ ਉੱਚ ਸਿੱਖਿਆ ਪ੍ਰਾਪਤ ਕਰਕੇ ਜਾਣ ਤਾਂ ਇਹਨਾਂ ਲਈ ਉਸ ਦੇਸ ਵਿੱਚ ਸੈਟ ਹੋਣਾ ਕੁਝ ਸੋਖਾ ਹੋ ਸਕਦਾ ਹੈ।

# ਕਾਰਪੋਰੇਟਾਂ ਦੇ ਵਿਰੁੱਧ ਲੜਨ ਵਾਲਾ ਪੰਜਾਬ ਅੱਜ ਖੁਦ ਕਾਰਪੋਰੇਟੀ ਸੋਚ ਤੇ ਚੱਲ ਰਿਹੈ

ਹਰਲਾਜ ਸਿੰਘ ਬਹਾਦਰਪੁਰ,
ਫੋਨ ਨੰਬਰ :- 9417023911

ਚੋਣਾ ਚਾਹੇ ਕੋਈ ਵੀ ਹੋਣ ਉਹ ਮੱਤ ਦਾਨ ਹੁੰਦਾ ਹੈ, ਜਿਸ ਵਿੱਚ ਸਾਰੇ ਵੋਟਰ ਦਾਤੇ ਹੁੰਦੇ ਹਨ, ਦਾਨ ਲੈਣ ਵਾਲਾ ਉਮੀਦਵਾਰ ਹੁੰਦਾ ਹੈ, ਹੱਕਦਾਰ ਨਹੀਂ ਹੁੰਦਾ, ਹੱਕ ਸਿਰਫ ਵੋਟਰ ਕੋਲ ਹੁੰਦਾ ਹੈ, ਵੋਟਰ ਨੂੰ ਹੱਕ ਹੈ ਕਿ ਉਹ ਆਪਣੀ ਮੱਤ ਜਿਸ ਨੂੰ ਚਾਹੇ ਦਾਨ ਕਰ ਸਕਦਾ ਹੈ, ਉਮੀਦਵਾਰ ਆਪਣੇ ਵਿਚਾਰ ਦੱਸ ਕੇ ਸਿਰਫ ਉਮੀਦ ਹੀ ਕਰ ਸਕਦਾ ਹੈ, ਦਾਨ ਖਰੀਦਿਆ ਵੇਚਿਆ ਨਹੀਂ ਜਾ ਸਕਦਾ ਹੁੰਦਾ, ਕਿਉਂਕਿ ਦਾਨ ਕਰਨ ਵਾਲਾ ਦਾਤਾ ਹੁੰਦਾ ਹੈ, ਦਾਤੇ ਨੂੰ ਦਾਨ ਦੀ ਕੀਮਤ ਦੇਣਾ ਦਾਨ ਦੇਣ ਵਾਲੇ ਦੀ ਬੇਇੱਜ਼ਤੀ ਕਰਨਾ ਹੁੰਦਾ ਹੈ, ਅਫਸੋਸ ਕਿ ਅਸੀਂ ਇਹ ਬੇਇੱਜ਼ਤੀ ਖੁਸ਼ ਹੋ ਕੇ ਬੜੇ ਮਾਣ ਨਾਲ ਕਰਵਾ ਰਹੇ ਹਾਂ ਅਤੇ ਕਰ ਰਹੇ ਹਾਂ, ਵੋਟ ਖਰੀਦੀ ਜਾ ਵੇਚੀ ਨਹੀਂ ਜਾ ਸਕਦੀ ਹੁੰਦੀ, ਵੋਟ ਖਰੀਦਣਾ ਜਾ ਵੇਚਣਾ ਜੁਰਮ ਹੈ, ਵੋਟ ਖਰੀਦਣ ਜਾ ਵੇਚਣ ਵਾਲੇ ਦੋਸ਼ੀ ਹਨ ਅਜਿਹੇ ਦੋਸ਼ੀਆਂ ਨੂੰ ਸਖ਼ਤ ਸਜਾ ਮਿਲਣੀ ਚਾਹੀਂਦੀ ਹੈ, ਪਰ ਸਜਾ ਦੇਵੇ ਕੌਣ ? ਕਿਉਂਕਿ ਸਾਡੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾ ਸਮੇਂ ਮੱਤ ਦਾਤੇ ਨੂੰ ਅਸਿੱਧੇ ਰੂਪ ਵਿੱਚ ਜਨਤਕ ਤੌਰ ਤੇ ਲਾਲਚ ਦੇ ਕੇ ਮੱਤ ਦਾਨ ਨੂੰ ਖਰੀਦ ਦੀਆਂ ਹਨ, ਪੰਚਾਇਤੀ ਚੋਣਾ ਵਿੱਚ ਵੀ ਉਵੇਂ ਹੀ ਸ਼ਰੇਆਮ ਮੱਤ ਦਾਤੇ ਨੂੰ ਨਿੱਜੀ ਤੌਰ ਤੇ ਖਰੀਦਿਆ ਜਾਂਦਾ ਹੈ, ਪੰਚਾਇਤੀ ਚੋਣਾ ਵਿੱਚ ਸ਼ਰੇਆਮ ਸ਼ਰਾਬ ਅਤੇ ਪੈਸਾ ਚਲਦਾ ਹੈ ਜੋ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ, ਭਗਵੰਤ ਮਾਨ ਸਰਕਾਰ ਬਿਆਨ ਬਾਜੀ ਕਰ ਰਹੀ ਹੈ ਕਿ ਚੋਣਾ ਤੇ ਪੈਸਾ ਨਾ ਲਾਇਓ, ਇਸ ਬਾਰ ਅਸੀਂ ਕਿਸੇ ਸਰਪੰਚ ਨੂੰ ਪੰਚਾਇਤਾਂ ਦਾ ਪੈਸਾ ਨਹੀਂ ਖਾਣ ਦੇਵਾਂਗੇ, ਭਰਿਸ਼ਟਾਚਾਰ ਦੇ ਵਿਰੁੱਧ ਸਰਕਾਰ ਕਹਿ ਰਹੀ ਹੁੰਦੀ ਹੈ ਕਿ ਜੇ ਕਿਤੇ ਭਰਿਸ਼ਟਾਚਾਰ ਹੁੰਦਾ ਹੈ ਤਾਂ ਸਾਨੂੰ ਉਸ ਦੀ ਵੀਡੀਓ ਬਣਾ ਕੇ ਭੇਜੋ, ਅਸੀਂ ਕਾਰਵਾਈ



ਕਰਾਂਗੇ, ਆਹ ਹੁਣ ਪੰਚਾਇਤੀ ਚੋਣਾ ਵਿੱਚ ਸਰਪੰਚੀਆਂ ਦੀਆਂ ਬੋਲੀਆਂ ਕਰ ਕੇ ਸ਼ਰੇਆਮ ਭਰਿਸ਼ਟਾਚਾਰ ਕੀਤਾ ਰਿਹਾ ਹੈ, ਜਿਸ ਦੀਆਂ ਮੀਡੀਏ ਵਿੱਚ ਵੀਡੀਓ ਆ ਰਹੀਆਂ ਹਨ, ਕੀ ਹੁਣ ਸਰਕਾਰ ਇਹਨਾ ਉਤੇ ਕੋਈ ਕਾਰਵਾਈ ਕਰੇਗੀ ? ਸਰਕਾਰ ਨੂੰ ਚਾਹੀਂਦਾ ਹੈ ਕਿ ਉਹ ਚੋਣਾ ਵਿੱਚ ਪੈਸੇ ਦਾ ਪ੍ਰਦਰਸ਼ਨ ਕਰਨ ਵਾਲੇ ਦੋਸ਼ੀਆਂ ਉਤੇ ਬਣਦੀ ਕਾਰਵਾਈ ਕਰਕੇ ਉਹਨਾ ਨੂੰ ਸਜਾ ਦੇਵੇ, ਪਰ ਬਹੁਤ ਮੁਸ਼ਕਿਲ ਹੈ, ਕਿਉਂਕਿ ਅਜਿਹੀ ਕਾਰਵਾਈ ਕੋਈ ਸੱਚਾ ਇਮਾਨਦਾਰ ਇਨਸਾਨ ਹੀ ਇਹ ਕਰ ਸਕਦਾ ਹੈ, ਸਾਡੀ ਪੇਂਡੂ ਜਨਤਾ ਅਤੇ ਕਿਸਾਨ ਜਥੇਬੰਦੀਆਂ ਜੋ ਕਾਰਪੋਰੇਟੀ ਕਾਨੂੰਨਾ ਦੇ ਵਿਰੁੱਧ ਦਿੱਲੀ ਦੇ ਵਾਡਰਾਂ ਉਤੇ ਲੰਮਾ ਸਮਾਂ ਧਰਨਾ ਲਾ ਕੇ ਬੈਠੇ ਸਨ, ਅੱਜ ਪਿੰਡਾਂ ਵਿੱਚ ਲਲਕਾਰੇ ਮਾਰ ਰਹੇ ਕਾਰਪੋਰੇਟਾਂ ਅੱਗੇ ਕਿਉਂ ਚੁੱਪ ਹਨ ? ਕੀ ਸਰਪੰਚੀ ਦੀ ਚੋਣ ਨੂੰ ਪੈਸਿਆਂ ਦੀ ਖੀਰ (ਮੁੱਲ ਦੀ ਚੋਣ) ਬਣਾਉਣਾ ਕਾਰਪੋਰੇਟੀ ਸੋਚ ਨਹੀਂ ਹੈ ? ਕੇਂਦਰ ਦੇ ਕਾਰਪੋਰੇਟਾਂ ਦੇ ਵਿਰੁੱਧ ਲੜਨ ਵਾਲਿਓ ਪਿੰਡ ਦੇ ਕਾਰਪੋਰੇਟਾਂ ਦੇ ਖਿਲਾਫ ਕੌਣ ਲੜੇਗਾ ? ਮੈਂ ਨਹੀਂ ਕਹਿੰਦਾ ਕਿ ਪਿੰਡਾਂ ਵਿੱਚ ਜਮੀਨਾ ਵੇਚ ਕੇ ਚੋਣਾ ਲੜਨ ਵਾਲੇ ਕਾਰਪੋਰੇਟ ਹਨ, ਨਹੀਂ ਇਹ ਕਾਰਪੋਰੇਟ ਤਾਂ ਨਹੀਂ ਹਨ ਪਰ ਇਹਨਾ ਦੀ ਸੋਚ ਕਾਰਪੋਰੇਟੀ ਹੈ, ਜੋ ਵੋਟਰਾਂ ਨੂੰ ਖਰੀਦਣਾ ਚਾਹੁੰਦੀ ਹੈ, ਕਾਰਪੋਰੇਟੀ ਸੋਚ ਸੱਭ ਕੁੱਝ ਪੈਸੇ ਨਾਲ ਖਰੀਦਣਾ ਚਾਹੁੰਦੀ ਹੁੰਦੀ ਹੈ, ਅੱਜ ਪਿੰਡਾਂ ਵਿੱਚ ਕਾਰਪੋਰੇਟੀ ਸੋਚ ਲਲਕਾਰੇ ਮਾਰ ਰਹੀ ਹੈ, ਕਿਸਾਨ ਜਥੇਬੰਦੀਆਂ ਚੁੱਪ ਹਨ, ਲੋਕਾਂ ਦੇ ਹੱਕਾਂ ਲਈ ਲੜਨ ਵਾਲਿਓ ਅੱਜ ਤੁਹਾਡੇ ਸਾਹਮਣੇ ਲੋਕ ਖਰੀਦੇ ਜਾ ਰਹੇ ਹਨ, ਜਦੋਂ ਸਰਕਾਰੀ ਕਾਰਪੋਰੇਟ ਤੁਹਾਡੇ ਹੱਕ ਖਰੀਦਣਗੇ ਫਿਰ ਤੁਸੀਂ ਇਹਨਾ ਅੱਜ ਦੇ ਕਾਰਪੋਰੇਟੀ ਸੋਚ ਵਾਲਿਆਂ ਦੇ ਟਰੈਕਟਰ ਟਰਾਲੀਆਂ ਤੇ ਚੜ੍ਹ ਕੇ ਸਰਕਾਰੀ ਕਾਰਪੋਰੇਟਾਂ ਦੇ ਵਿਰੁੱਧ ਧਰਨੇ ਲਾਉਣ ਜਾਉਂਗੇ ? ਕੁੱਝ ਸੋਚੋ ! ਸਾਡੀ ਲੜਾਈ ਕਿਸੇ ਵਿਅਕਤੀ ਵਿਸ਼ੇਸ਼ ਦੇ ਵਿਰੁੱਧ ਨਹੀਂ ਹੈ, ਸਾਡੀ ਲੜਾਈ ਲੋਕ ਮਾਰੂ ਨੀਤੀਆਂ ਦੇ ਵਿਰੁੱਧ ਹੈ, ਜੋ ਅੱਜ ਪੰਚਾਇਤੀ ਚੋਣਾ ਵਿੱਚ ਹੋ ਰਿਹਾ ਹੈ ਇਹ ਲੋਕ ਭਲਾਈ ਨਹੀਂ ਹੈ, ਇਹ ਲੋਕਾਂ ਦੀ ਅਤੇ ਲੋਕ ਰਾਜ ਦੀ ਹੱਤਿਆ ਹੈ, ਕੀ ਸਿਰਫ ਪੈਸੇ ਦੇ ਜੋਰ ਨਾਲ ਹੀ ਪੰਚ ਸਰਪੰਚ ਚੁਣੇ ਜਾਣੇ ਚਾਹੀਂਦੇ ? ਕੀ ਜਿਸ ਕੋਲ ਪੈਸਾ ਨਹੀਂ ਉਹ ਚੋਣ ਨਹੀਂ ਲੜ ਸਕਦਾ ? ਜਾਂ ਕੀ ਜਿਸ ਕੋਲ ਪੈਸਾ ਨਹੀਂ ਉਹ ਚੰਗਾ ਇਮਾਨਦਾਰ ਪੰਚ ਸਰਪੰਚ ਨਹੀਂ ਹੋ ਸਕਦਾ ? ਲੋਕ ਹੱਕਾਂ ਲਈ ਦਿੱਲੀ ਜਾ ਕੇ ਲੜਨ ਵਾਲਿਓ ਅੱਜ ਆਪਣੇ ਪਿੰਡਾਂ ਵਿੱਚ ਵੀ ਇਹ ਲੜਾਈ ਲੜੋ, ਪਿੰਡ ਪਿੰਡ ਧਰਨੇ-ਪ੍ਰਦਰਸ਼ਨ ਕਰੋ ਕਿ ਪੰਚੀਆਂ ਸਰਪੰਚੀਆਂ ਵਿਕਣ ਨਹੀਂ ਦੇਵਾਂਗਾ, ਤੁਹਾਡੀਆਂ ਜੜ੍ਹਾਂ ਪਿੰਡਾਂ ਵਿੱਚ ਹੀ ਹਨ, ਇਹਨਾ ਨੂੰ ਮਜ਼ਬੂਤ ਕਰੋ, ਜੇ ਤੁਸੀਂ ਪਿੰਡ ਬਚਾ ਲਵੋਂਗੇ ਤਾਂ ਹੀ ਪੰਜਾਬ ਬਚੇਗਾ, ਜੇ ਪਿੰਡ ਹੀ ਨਾ ਬਚੇ ਫਿਰ ਬਚਣਾ ਪੰਜਾਬ ਵੀ ਨਹੀਂ, ਇਸ ਲਈ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ ਕੇ ਪੰਚੀਆਂ ਸਰਪੰਚੀਆਂ ਨੂੰ ਖ੍ਰੀਦਣ ਵਾਲੀ ਕਾਰਪੋਰੇਟੀ ਸੋਚ ਦਾ ਵਿਰੋਧ ਕਰੀਏ ਅਤੇ ਇਮਾਨਦਾਰ ਲੋਕਾਂ ਦਾ ਸਹਿਯੋਗ ਦੇਈਏ, ਇਸ ਵਿੱਚ ਹੀ ਸਰਬੱਤ ਦਾ ਭਲਾ ਹੈ।

# ਔਰਤਾਂ ਉਪਰ ਅੱਤਿਆਚਾਰ ਅਤੇ ਨਿਆਂ ਦੀ ਦਸ਼ਾ



ਅੱਜ ਔਰਤਾ ਦੇ ਜ਼ੁਲਮ ਦੀ ਕਹਾਣੀ ਉਸ ਮੁਕਾਮ ਤੇ ਹੈ ਜਿਥੇ ਉਹਨਾ ਦਾ ਜਿਉਣਾ ਆਪਣੇ ਆਪ ਲਈ ਚਣੌਤੀਪੂਰਨ ਹੋ ਚੁੱਕਾ ਹੈ । ਅਸੀ 21 ਵੀ ਸਦੀ ਵਿੱਚ ਪਹੁੰਚ ਕੇ ਆਪਣੀ ਮਾਨਸਿਕਤਾ ਨੂੰ ਨਹੀ ਬਦਲਿਆ ਦਿਖਾਵੇ ਲ਼ਈ ਜਰੂਰ ਸਭ ਅਗਾਹਵਧੂ ਸਮਾਜ ਦੇ ਬਸਿੰਦੇ ਹਾ ਪਰ ਔਰਤਾ ਦੀ ਅਜਾਦੀ ਪ੍ਰਤੀ ਸਾਡੀ ਮਾਨਸਿਕਤਾ ਦਾ ਘੇਰਾ ਵਿਸਾਲ ਨਾ ਹੋ ਸਕਿਆ ਜਿਸ ਕਾਰਨ ਅਜੋਕੇ ਸਮੇ ਦੌਰਾਨ ਘਰੇਲੂ ਹਿੰਸਾ, ਤਲਾਕ,ਦਾਜ ਦਹੇਜ,ਛੇੜ-ਛਾੜ, ਐਸਿਡ ਅਟੈਕ ,ਬਲਾਤਕਾਰ ਇਥੋ ਤੱਕ ਕਿ ਆਪਣੇ ਜੁਲਮਾ ਨੂੰ ਛਪਾਉਣ ਜਾ ਹਾਉਮੈ ਨੂੰ ਪੱਠੇ ਪਉਦਿਆ ਜਾਨੋ ਮਾਰਨ ਤੱਕ ਵੀ ਨਹੀ ਡਰਦੇ । @ਔਰਤਾਂ ਦੇ ਖਿਲਾਫ਼ ਅਪਰਾਧਾਂ ਦੇ ਮਾਮਲਿਆਂ ਵਿੱਚ ਤੇਜ ਨਿਆਂ ਅਤੇ ਔਰਤਾਂ ਦੀ ਸੁਰੱਖਿਆ ਬਾਰੇ ਪ੍ਰਧਾਨ ਮੰਤਰੀ ਵਲੋ ਰਾਸ਼ਟਰੀ ਸੰਮੇਲਨ ਦੀ ਚੰਗੀ ਪਹਿਲ ਹੈ। ਕਾਨੂੰਨ ਵਿਚ ਸੋਧ ਕਰਕੇ ਫਾਂਸੀ ਦੀ ਸਜ਼ਾ ਤੈਅ ਕਰ ਦਿੱਤੀ । ਪਰ ਘਟਨਾਵਾਂ ਰੁਕਣ ਦੀ ਵਜਾਏ ਹੋਰ ਵੀ ਵਧ ਰਹੀਆ ਹਨ । ਕਲਕੱਤਾ ਦੀ ਲੇਡੀ ਟਰੇਨੀ ਡਾਕਟਰ ਨਾਲ ਜਬਰ ਜਨਾਹ ਪਿੱਛੋ ਹੱਤਿਆ, ਦੇਹਰਾਦੂਨ ਵਿੱਚ ਨਬਾਲਗ ਨਾਲ ਜਬਰ ਜਨਾਹ, ਜੋਧਪੁਰ ਵਿਚ ਤਿੰਨ ਸਾਲ ਦੀ ਬੱਚੀ ਤੇ ਬੈਂਗਲੁਰੂ ਵਿਚ ਵਿਦਿਆਰਥਣ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਅਦਾਲਤੀ ਕੇਸਾਂ ਦੀ ਪ੍ਰਕਿਰਿਆ ਏਨੀ ਲੰਬੀ ਹੈ ਕਿ ਪੀੜਤ ਇਨਸਾਫ਼ ਤੋ ਹਾਰ ਕੇ ਬੈਠ ਜਾਂਦੇ ਅਤੇ ਦੋਸ਼ੀ ਧਿਰ ਸਬੂਤ ਨਸ਼ਟ ਕਰ ਜਾ ਗਵਾਹਾਂ ਨੂੰ ਮੁਕਰਾ ਦਿੰਦੀ ਹੈ।ਕਨੂੰਨ ਦਾ ਹੋਣਾ ਤੇ ਲਾਗੂ ਹੋਣ ਸਫਰ ਹਰ ਪੀੜਤ ਲਈ ਅਸਹਿ ਹੈ। ਜਦੋ ਕਿ ਪੁਰਾਤਨ ਸਮੇ ਵਿੱਚ ਇਹ ਸ਼ੋਸ਼ਣ ਬਾਲ ਵਿਆਹ ,ਰਖੇਲ,ਵਿਧਵਾ ਔਰਤਾ ਦੇ ਆਸਰਮ, ਬਹੁ-ਵਿਆਹ , ਦਾਸੀ ਤੇ ਸਤੀ ਪ੍ਰਥਾ ਵਰਗੀਆ ਰੂੜੀਵਾਦੀ ਰੀਤੀ ਕਾਰਨ ਹਢਾਉਦੀਆ ਸਨ ਭਾਵੇ ਬ੍ਰਿਟਸ ਸਾਮਰਾਜ ਦੇ ਕਨੂੰਨਾ ਨੇ ਇਸ ਨੂੰ ਰੋਕਣ ਦੀ ਕਾਫੀ ਹੱਦ ਤੱਕ ਕੋਸਿਸ ਕੀਤੀ ਪਰ ਧਰਮ ਜਾ ਜਾਤੀ ਠੇਕੇਦਾਰਾ ਨੇ ਸਫਲ ਨਾ ਹੋਣ ਦਿੱਤਾ ਤੇ ਉਸੇ ਚਲੋ ਚਾਲ ਦਾ ਨਤੀਜਾ ਹੈ ਕਿ ਅੱਜ ਔਰਤ ਨੂੰ ਫਿਲਮਾ , ਮਸਹੂਰੀਆ, ਡਾਂਸਰਾ ਜਾ ਮਨੋਰੰਜਨ ਦੀ ਵਸਤੂ ਤੱਕ ਸੀਮਤ ਕਰ ਦਿੱਤਾ । ਭਾਰਤੀ ਸੰਵਿਧਾਨ ਤੇ ਦੂਸਰੇ ਕਨੂੰਨਾ ਨੇ ਮਹਿਲਾਵਾ ਨੂੰ ਬਿਨਾ ਕਿਸੇ ਲਿੰਗ ਅਧਾਰ ਤੋ ਬਰਾਬਰ ਕੰਮ,ਤਨਖਾਹ ,ਸਮਾਜਿਕ ਰੁਤਬਾ ਤੇ ਅਜਾਦੀ ਲਈ ਲੋੜੀਦੇ ਨਿਯਮ ਦਿੱਤੇ ਹਨ । ਅੱਜ ਦੇ ਤਕਨੀਕੀ ਯੁੱਗ ਵਿੱਚ ਔਰਤਾ ਉਪਰ ਹਿੰਸਾ ਦਾ ਵਧਣਾ ਹੋਰ ਸਰਮਨਾਕ ਹੈ ਜਦੋ ਹਰ ਖੇਤਰ ਵਿੱਚ ਭਾਰਤੀ ਔਰਤਾ ਮਰਦਾ ਦੇ ਬਰਾਬਰ ਦੇਸ ਦੀ ਉਨਤੀ ਲਈ ਯੋਗਦਾਨ ਪਾ ਰਹੀਆ ਹਨ ।

ਮਨੁੱਖੀ ਵਰਤਾਰੇ ਦੇ ਕਾਰਨ 33 ਕਰੌੜ ਦੇਵੀ- ਦੇਵਤਿਆ ਦੀ ਧਰਤੀ ਹਿੰਸਾ ਨਾਲ ਪਲੀਤ ਹੋਏ ਮਹੋਲ ਦੇ ਕਰਕੇ ਨਰਕ ਸਮਾਨ ਜਾਪਦੀ ਹੈ । ਆਏ ਦਿਨ ਇਨਸਾਨੀਅਤ ਨੂੰ ਸਰਮਸਾਰ ਕਰਨ ਵਾਲੀਆ ਘਟਨਾਵਾ ਨਾਲ ਮਹਿਲਾ ਸਰੀਰਕ ਸ਼ੋਸ਼ਣ ਦੀ 90.1 ਫੀਸਦੀ ਦਰ ਕਰਕੇ ਪੰਜਵੇ ਤੇ ਖਤਰਨਾਕ ਦੇਸਾ ਦੀ ਲਿਸਟ ਵਿੱਚ ਛੇਵੇ ਨੰਬਰ ਤੇ ਖੜਾ ਕਰ ਦਿੱਤਾ । ਜਿਸ ਕਾਰਨ ਦੂਜੇ ਮੁਲਕ ਦੇ ਲੋਕ ਤਾ ਸਹਿਮੇ ਹੀ ਹੋਏ ਹਨ ਭਾਰਤ ਦੀ ਮਹਿਲਾਵਾ ਵੀ ਖੌਫ ਦੇ ਛਾਏ ਹੇਠ ਜਿਉ ਰਹੀਆ ਹਨ ਉਪਰੋ ਗੈਰ ਵਿਗਿਆਨਕ ਸੋਚ ,ਖਾਪ ਪੰਚਾਇਤਾ , ਢੋਗੀ ਧਾਰਮਿਕ ਬਾਬਿਆ ਤੇ ਕਨੂੰਨੀ ਪਹੁੰਚ ਤੋ ਸੱਖਣੀ ਕਾਰਜ ਸੈਲੀ ਨੇ ਜੁਲਮਾ ਵਿੱਚ ਹੋਰ ਵਾਧਾ ਕਰ ਦਿੱਤਾ । ਭਾਰਤੀ ਲੋਕਤੰਤਰ ਜਾ ਜਮਹੂਰੀਅਤ ਤਾ ਸਿਰਫ ਨੇਤਾਵਾ ਨੂੰ ਗੱਦੀ ਦਵਾਉਣ ਤੱਕ ਸੀਮਤ ਰਹਿ ਗਈ । ਜੇਕਰ ਪਾਰਲੀਮੈਂਟ ਸੈਸਨ ਮਹਿਲਾਵਾ ਪ੍ਰਤੀ ਸਖਤ ਜਾ ਨਰਮ ਕਨੂੰਨਾ ਦੀ ਬਹਿਸ ਵਿੱਚ ਸਮਾ ਤੇ ਪੈਸਾ ਬਰਬਾਦ ਕਰਨ ਨਾਲੋ ਸੁਰੱਖਿਆ ਵਿਵਸਥਾ ਤੇ ਨਿਆ ਪ੍ਰਣਾਲ਼ੀ ਨੂੰ ਸੁਚੱਜੇ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾ ਵੀ ਹਿੰਸਕ ਹਨੇਰੀ ਨੂੰ ਠੱਲਿਆ ਜਾ ਸਕਦਾ ਹੈ ।

ਅੰਜੂ ਕੌਸਲ ਧਾਲੀਵਾਲ,
99880 03419

ਔਰਤਾ ਨੂੰ ਕਮਜੋਰ ਜਾ ਦੂਜਿਆ ਆਸਰੇ ਉਨਤੀ ਕਰਨ ਵਾਲਾ ਵਰਗ ਹੀ ਸਮਝਿਆ ਗਿਆ । ਬਦਲੇ ਜਮਾਨੇ ਦੀ ਨਾਰੀ ਨੇ ਜਦੋ ਅਵਾਜ ਉਠਾਉਣ ਦੀ ਜੁਰਅਤ ਕੀਤੀ ਤਾ ਹਾਉਮੈ ਭਰੇ ਸਮਾਜ ਨੇ ਦਬਾਉਣ ਲਈ ਉਹਨਾ ਦੀ ਉਮਰ ਤੇ ਸਥਾਨਕ ਮਰਿਆਦਾ ਦਾ ਫਰਕ ਵੀ ਅੱਖੋ ਉਹਲੇ ਕਰ ਦਿੱਤਾ ਜਿਸ ਕਾਰਨ ਅੱਜ ਛੋਟੀ ਬੱਚੀ ਤੋ ਲੈ ਕੇ ਬਜੁਰਗ ਔਰਤਾ ਵੀ ਦਿਨ ਦਿਹਾੜੇ ਇਸ ਵਹਿਸੀਪਣ ਦਾ ਸਿਕਾਰ ਹੋ ਰਹੀਆ ਹਨ । ਮਾਨਸਿਕ ਨਿਵਾਣ ਦੇ ਕਾਰਨ ਘਰਾ ਵਿੱਚ ਵਾਪਰੀ ਹਿੰਸਾ ਦਾ ਹੀ ਅਗਲਾ ਰੂਪ ਦਫਤਰਾ,ਪਬਲਿਕ ਟਰਾਸਪੋਰਟ ,ਸਕੂਲ ,ਕਾਲਜ ,ਧਾਰਮਿਕ ਸਥਾਨ ਤੋ ਇਲਾਵਾ ਬੇਖੌਫ ਵਾਪਰੇ ਨਿਰਭਇਆ,ਮੂਰਥਲ , ਪੰਜਾਬ ਦਾ ਕਿਰਨਜੀਤ ਕਾਂਡ ਤੇ ਤਾਜੇ ਵਾਪਰੇ ਆਂਧਰਾ ਪ੍ਰਦੇਸ ਵਿੱਚ ਲੇਡੀ ਡਾਕਟਰ ਨਾਲ ਘਿਨਾਉਣੇ ਕਾਂਡ ਤੋ ਬਾਅਦ ਅਗਨ ਭੇਟ ਕਰਨਾ ਹਿੰਸਾ ਦਾ ਸਿਖਰ ਹੈ ਵਿਡੰਵਨਾ ਇਹ ਹੈ ਕਿ ਹਰ ਅਜਿਹੀ ਘਟਨਾ ਪਿੱਛੋ ਲੋਕ ਏਕਤਾ ਦੀ ਲਹਿਰ ਦੋਸੀਆ ਨੂੰ ਜੇਲ ਪਹੁੰਚਾਉਣ ਵਿਚ ਸਫਲ ਹੋ ਜਾਵੇਗੀ ਪਰ ਕੀ ਅਸੀ ਇਸ ਨਾਲ ਅਜਿਹੇ ਦੁਸਟ ਕਰਮ ਆਉਣ ਵਾਲੇ ਸਮੇ ਵਿੱਚ ਰੋਕ ਸਕਾਗੇ ਜੋ ਆਪਣੇ ਆਪ ਵਿੱਚ ਵੱਡਾ ਸਵਾਲ ਹੈ । ਭਾਰਤ ਦੀ ਡੁਬਦੀ ਅਰਥ ਵਿਵਸਥਾ ਤੇ ਬੇਰੁਜਗਾਰੀ ਤੋ ਕਲਪੇ ਨੋਜਵਾਨਾ ਨੂੰ ਨੀਵੇ ਦਰਜੇ ਦੀ ਸਿਆਸੀ ਖੇਡ, ਨਸ਼ੇ ਦੀ ਚਾਟ ਤੇ ਲਗਾ ਅਪਰਾਧਕ ਦੁਨੀਆ ਨੂੰ ਅਪਨਾਉਣ ਲਈ ਮਜਬੂਰ ਕਰਦੀ ਹੈ ।

ਦੇਸ ਅੰਦਰ ਫੈਲੇ ਇਸ ਜੁਲਮ ਨੂੰ ਰੋਕਣ ਲਈ ਸਾਰਥਕ ਕਦਮ ਚੁਕਣ ਦੀ ਲੋੜ ਹੈ । ਨੋਜਵਾਨ ਪੀੜੀ ਨੂੰ ਨਸ਼ੇ ਦੀ ਤਲਿਸਮੀ ਦੁਨੀਆ ਵਿਚੋ ਬਾਹਰ ਕੱਢਣ ਲਈ ਪੂਰਨ ਪਬੰਦੀ ਦੀ ਪਹਿਲ ਜਰੂਰੀ ਹੈ ਜਿਸ ਕਾਰਨ ਘਟਨਾਵਾ ਦੀ ਗਿਣਤੀ ਦਿਨ--- ਬ -ਦਿਨ ਵਧਦੀ ਜਾ ਰਹੀ ਹੈ । ਸਿਆਸੀ ਨੇਤਾ ਅਜਿਹੇ ਘਟਨਾਵਾ ਦੀਆ ਲੋਕ ਲਹਿਰਾ ਨੂੰ ਹਾਈਜੈਕ ਕਰਨ ਨਾਲੋ ਸਮਾਜ ਪ੍ਰਤੀ ਜੁਮੇਵਾਰੀਆ ਵੱਲ ਧਿਆਨ ਦੇਣ ਜਿਸ ਲਈ ਉਹਨਾ ਨੂੰ ਚੁਣਿਆ ਤੇ ਲ਼ੋਕਾ ਦੇ ਪੈਸੈ ਨਾਲ ਸੱਤਾ ਦਾ ਅਨੰਦ ਮਾਣ ਰਹੇ ਹਨ । ਵਿਭਾਗਾ ਦੀਆ ਲਗਾਮਾ ਹੀ ਕਸ ਕੇ ਰੱਖਣ ਪਤਾ ਨਹੀ ਕਿੰਨੀਆ ਹੀ ਅਜਿਹੀਆ ਘਟਨਾਵਾ ਨੂੰ ਰੋਕਿਆ ਜਾ ਸਕਦਾ ਸੀ ਬਾਅਦ ਵਿੱਚ ਦਿਖਾਵੇ ਦੀ ਬਰਖਾਸਤੀ ਘਟਨਾ ਲਈ ਮੱਲਮ ਦੇ ਤੁਲ ਵੀ ਨਹੀ । ਜਿਹੜੇ ਵੋਟਾ ਸਮੇ ਬੜੇ ਉਚ ਵਿਚਾਰਾ ਨਾਲ ਔਰਤਾ ਦੀ ਰਾਖੀ ,ਪੜਾਈ ,ਰੋਜਗਾਰ ਦੇ ਫੱਫੇ ਕੁੱਟਦੇ ਹਨ ਚੋਣਾਵੀ ਦੰਗਲ ਮਗਰੋ ਗਿਰਝ ਦੀ ਅਸਮਾਨੀ ਉਡਾਰੀ ਵਾਗ ਗਾਇਬ ਹੋ ਜਾਦੇ ਹਨ ।

ਅਜਾਦੀ ਤੋ ਬਾਅਦ ਵੀ ਔਰਤਾ ਦੀ ਦਸਾ ਬਦ ਤੋ ਬਦਤਰ ਹੁੰਦੀ ਜਾ ਰਹੀ ਹੈ ਜਿਸ ਨਾਲ ਸੰਸਾਰ ਵਿੱਚ ਭਾਰਤ ਦਾ ਔਰਤ ਸੁਰੱਖਿਆ ਪ੍ਰਤੀ ਟੀਚਾ ਬਹੁਤ ਨੀਵੇ ਦਰਜੇ ਤੇ ਖੜਾ ਹੈ । ਦੁਨੀਆ ਵਿੱਚ ਮਾਰੀਆ ਜਾ ਰਹੀਆ ਢੀਗਾਂ ਉਸ ਸਮੇ ਬੇਹਾ ਪਾਣੀ ਵਿੱਚ ਵਿਹ ਜਾਦੀਆ ਹਨ ਜਦੋ ਸਾਂਤੀਪੂਰਨ ਦੇਸ਼ਾ ਦੀ ਲੜੀ ਵਿੱਚ ਭਾਰਤ 141 ਨੰਬਰ ਤੇ ਆਉਦਾ ਹੈ । ਆਪਣੇ ਹੀ ਦੇਸ ਦਾ ਖੌਫਨਾਕ ਮੰਜਰ (ਮਹੋਲ) ਤੇ ਜੁਲਮ ਦੀ ਇਸ ਇੰਤਹਾ ਵਾਲੀ ਹੱਦ ਨੂੰ ਤੋੜਨਾ ਜਰੂਰੀ ਹੈ । ਜਿਸ ਲਈ ਕੁਲ ਭਾਰਤ ਦੀਆ ਸਮਾਜ ਸੇਵੀ ਜਥੇਬੰਦੀਆ ,ਸੰਸਥਾਵਾ ,ਬੁੱਧਜੀਵੀ ਤੇ ਰਾਜਨੀਤਿਕ ਪਾਰਟੀਆ ਨੂੰ ਸਿਆਸਤ ਤੋ ਉਪਰ ਉਠ ਮੋਮਬੱਤੀ ਮਾਰਚ ,ਧਰਨੇ ,ਮੁਜਾਹਰੇ ਤੋ ਅਗਲੇ ਕਦਮ ਵਿਭਾਗੀ ਮੁਸਤੈਦੀਆ ਤੇ ਕਨੂੰਨੀ ਪ੍ਰਕਿਰਿਆ ਦੀ ਨਿਰੰਤਰ ਰਫਤਾਰ ਵਿੱਚ ਤੇਜੀ ਲਿਆਉਣ ਲਈ ਹੰਬਲੇ ਮਾਰਨੇ ਚਾਹੀਦੇ ਹਨ ।ਇਸ ਦਰੁਸਤੀ ਨਾਲ ਨੱਪੀ ਜ਼ੜ ਜਾਲਮਾਨਾ ਲੋਕਾ ਦਾ ਨਜਰੀਆ ਬਦਲ਼ਣ ਵਿੱਚ ਸਹਾਈ ਹੋ ਸਕੇ ਤੇ ਫਿਰ ਤੋ ਭਾਰਤ ਸਾਂਤੀ ਤੇ ਸੁਰੱਖਿਆ ਵਾਲਾ ਦੇਸ ਬਣੇ । ਔਰਤਾ ਨੂੰ ਉਹਨਾ ਦੇ ਹੱਕਾ ਲਈ ਸੈਮੀਨਰਾ ਦੁਵਾਰਾ , ਸਿੱਖਿਆ ਤੇ ਖੁਦ ਦੀ ਰੱਖਿਆ ਅਤੇ ਮਰਦਾ ਨੂੰ ਸਮਾਜਿਕ ਜਿਮੇਵਾਰੀਆ ਤੇ ਕਦਰਾ ਕੀਮਤਾ ਪ੍ਰਤੀ ਸੁਚੇਤ ਕੀਤਾ ਜਾਵੇ ਤਾ ਜੋ ਦੇਸ਼ ਦੀਆ ਬੇਟੀਆ ਚੰਗੀ ਤਲੀਮ ਹਾਸਿਲ ਕਰ ਆਪਣੇ ਭਵਿੱਖ ਨੂੰ ਅਜਾਦ ਤੇ ਸੁਰੱਖਿਅਤ ਮਹੋਲ ਵਿੱਚ ਸਨੁਹਿਰੀ ਬਣਾ ਸਕਣ ।

# ਸਰਬਸੰਮਤੀ ,ਸਬਰਸੰਮਤੀ ਜਾਂ ਫਿਰ ਜ਼ਬਰਸੰਮਤੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਲੋਕਤੰਤਰ ਦਾ ਮਤਲਬ ਹੈ ਕਿ ਹਰ ਇੱਕ ਨਾਗਰਿਕ ਨੂੰ ਆਪਣੀ ਵੋਟ ਪਾਉਣ ਦਾ ਅਧਿਕਾਰ ਹੈ ।ਵੋਟ ਵੀ ਪਰਦੇ ਵਿਚ ਪਾਉਣੀ ਕਿਸੇ ਦੇ ਸਾਹਮਣੇ ਨਹੀਂ ।ਵੋਟਰ ਆਪਣੀ ਮਨ ਮਰਜ਼ੀ ਮੁਤਾਬਿਕ ਉਹ ਕਿਸੇ ਵੀ ਉਮੀਦਵਾਰ ਨੂੰ ਵੀ ਵੋਟ ਪਾ ਸੱਕਦਾ ਹੈ ।ਕੋਈ ਵੀ ਜਬਰਦਸਤੀ ਨਹੀਂ ਕਿ ਤੂੰ ਉਸ ਨੂੰ ਵੋਟ ਪਾ ਤੇ ਉਸ ਨੂੰ ਨਾ ।ਇੱਕ ਇੱਕ ਵੋਟ ਆਪਣੀ ਆਪਣੀ ਥਾਂ ਤੇ ਅਹਿਮੀਅਤ ਰੱਖਦੀ ਹੈ ।ਜੇਕਰ ਗੱਲ ਕਰੀਏ ਅੱਜਕਲ ਦੀ ਤਾਂ ਵੋਟਰ ਤੋਂ ਵੋਟ ਦੇ ਸ਼ਰੇਆਮ ਅਧਿਕਾਰ ਖੋਹ ਲਏ ਗਏ ਹਨ ।ਕਿੱਧਰੇ ਤਾਂ ਪੈਸੇ ਵਾਲਿਆਂ ਨੇ ਸਰਪੰਚੀ ਦੀ ਬੋਲੀ ਇੰਨੀ ਲਾ ਦਿਤੀ ਹੈ ਕਿ ਕੋਈ ਅਗੋਂ ਸੁਪਨੇ ਵਿੱਚ ਨਹੀਂ ਸੋਚ ਸਕਦਾ ।ਕਿੱਧਰੇ ਸਤਾ ਧਾਰੀ ਸਤਾ ਦਾ ਰੋਹਬ ਜਮਾ ਕੇ ਆਪਣੀ ਸਰਪੰਚੀ ਪੱਕੀ ਕਰੀ ਬੈਠੇ ਹਨ ।ਕਈ ਡਾਂਗ ਧਾਰੀ ਆਪਣੀ ਡਾਂਗ ਦੇ ਜ਼ੋਰ ਤੇ ਸਰਪੰਚੀ ਲੈਂਦੇ ਨਜ਼ਰ ਆ ਰਹੇ ਹਨ ।ਬਸ ਥੋੜ੍ਹੇ ਹੀ ਪਿੰਡ ਹੋਣਗੇ ਜਿਹੜੇ ਇਹ ਸੋਚ ਕੇ ਬੈਠੇ ਹਨ ।ਕਿ ਭਾਈ ਜਿਹੜਾ ਆਪਣੇ ਰਸੂਖ ਨਾਲ ਵੋਟਾਂ ਜਿਆਦਾ ਆਪਣੇ ਡੱਬੇ ਵਿੱਚ ਪੁਆ ਲਵੇ ।ਅਸੀਂ ਉਸ ਨੂੰ ਆਪਣਾ ਸਰਪੰਚ ਮੰਨ ਲਾਵਾਂਗੇ ।ਪਰ ਬਹੁਤ ਥੋੜ੍ਹੇ ਪਿੰਡਾਂ ਵਿੱਚ ।ਬਹੁਤੇ ਪਿੰਡਾਂ ਵਿੱਚ ਤਾਂ ਲੜਾਈ ਦੇ ਆਸਾਰ ਬਣੇ ਹੋਏ ਹਨ ।ਬਹੁਤਿਆਂ ਉਮੀਦਵਾਰਾਂ ਦੀਆਂ ਨਾਮਜਦਗੀਆਂ ਕੈਂਸਲ ਹੋ ਜਾਣੀਆਂ ਹਨ ।ਕਈਆਂ ਦੇ ਕਾਗਜ਼ ਪੂਰੇ ਨਹੀਂ ਨਿਕਲਣੇ ।ਕਈਆਂ ਦਾ ਕੁਝ ਤੇ ਕਈਆਂ ਦਾ ਕੁੱਝ ਖਰਾਬ ਨਿਕਲਣਾ ਹੈ। ਅੱਧੀ ਤਸਵੀਰ ਪੰਜ ਤਰੀਕ ਸ਼ਾਮ ਨੂੰ ਸਾਫ ਹੋ ਜਾਣੀ ਹੈ ।ਜਿਨ੍ਹਾਂ ਦੇ ਕਾਗਜ਼ ਰੱਦ ਹੋ ਗਏ ।ਉਹਨਾਂ ਨੇ ਸੜਕਾਂ ਤੇ ਆ ਜਾਣਾ ਹੈ ।ਕਈਆਂ ਨੇ ਲੜਾਈ ਲੜਨੀ ਸ਼ੁਰੂ ਕਰ ਦੇਣੀ ਹੈ ।ਬਹੁਤੀਆਂ ਨੇ ਸੱਤਾਧਾਰੀ ਲੋਕਾਂ ਨੂੰ ਕਾਗਜ਼ ਰੱਦ ਕਰਵਾਉਣ ਦਾ ਜੁੰਮੇਵਾਰ ਠਹਿਰਾਉਣਾ ਹੈ ।ਹੁਣ ਹਰ ਇੱਕ ਦੇ ਮੂੰਹ ਵਿੱਚ ਇਹੋ ਹੀ ਗੱਲ ਹੈ ਕਿ ਇਹ ਕਿਹੜਾ ਲੋਕ ਤੰਤਰ ਹੈ ।ਜਿਥੇ ਸਾਫ ਸੁੱਥਰਾ ਇਲੈਕਸ਼ਨ ਹੀ ਨਹੀਂ ਹੋ ਸਕਦਾ ।ਜਿਥੇ ਚਾਹਵਾਨ ਉਮੀਦਵਾਰ ਆਪਣੇ ਆਪ ਨੂੰ ਅਗੇ ਹੀ ਨਹੀਂ ਲਿਆ ਸਕਦੇ ।ਜਿਹੜੇ ਅੱਜ ਪੈਸੇ ਖਰਚ ਕੇ ਧੱਕਾ ਸ਼ਾਹੀ ਕਰਕੇ ਜਿੱਤਣਗੇ ਉਹ ਕੀ ਪਿੰਡ ਦਾ ਵਿਕਾਸ ਕਰਨਗੇ ।ਪਿੰਡ ਨੂੰ ਕੀ ਚਾਹੀਦਾ ਹੁੰਦਾ ਹੈ ਕੀ ਉਹ ਇੱਕਠੇ ਬੈਠ ਕੇ ਇਸ ਗੱਲ ਦਾ ਨਿਰਣਾ ਕਰਨ ਕਿ ਕਿਹੜਾ ਬੰਦਾ ਆਪਣੇ ਪਿੰਡ ਦਾ ਵਿਕਾਸ ਕਰਵਾ ਸਕਦਾ ਹੈ ।ਇਸ ਵਾਰ ਇਹਨਾਂ ਚੋਣਾਂ ਨੇ ਭਰਾ ਭਰਾ ਵਿੱਚ ਦੂਰੀਆਂ ਪਾ ਦਿਤੀਆਂ ਹਨ ।ਗਲੀ ਮੁਹੱਲੇ ਸਭ ਨਿੱਖੜ ਚੁਕੇ ਹਨ ।ਇੱਕੋ ਮਾਂ ਦੇ ਜਾਏ ਇੱਕੋ ਪਿੰਡ ਦੇ ਵਸਨੀਕ ਇੱਕ ਦੂਜੇ ਨੂੰ ਅੱਖਾਂ ਕੱਢ ਕੱਢ ਕੇ ਵੇਖਦੇ ਨਜ਼ਰ ਆ ਰਹੇ ਹਨ ।ਜੋ ਕਿ ਨਹੀਂ ਹੋਣਾ ਚਾਹੀਦਾ ਸੀ ।ਸਾਡੇ ਸਮੁਚੇ ਸਮਾਜ ਨੂੰ ਆਪ ਸਮਝਣ ਦੀ ਲੋੜ ਹੈ ।ਕਿ ਜਿਸ ਤਰਾਂ ਵੀ ਮਸਲਾ ਹੱਲ ਹੁੰਦਾ ਹੈ ।ਉਸੇ ਤਰਾਂ ਬੈਠ ਕੇ ਮਸਲਾ ਹੱਲ ਕਰ ਲੈਣਾ ਚਾਹੀਦਾ ਹੈ ।ਜਿੱਥੇ ਕੋਈ ਧਿਰ ਨਹੀਂ ਮੰਨਦੀ ਉੱਥੇ ਵੋਟਾਂ ਪੁਆ ਲਉ ।ਜਿਥੇ ਸਾਰਾ ਪਿੰਡ ਸਹਿਮਤੀ ਕਰਦਾ ਹੈ ਉੱਥੇ ਸਹਿਮਤੀ ਨਾਲ ਸਰਪੰਚ ਚੁਣ ਲਉ ।ਪਰ ਕਿੱਧਰੇ ਵੀ ਜ਼ਬਰ ਸੰਮਤੀ ,ਧੱਕਾ ਸੰਮਤੀ ਨਹੀਂ ਹੋਣੀ ਚਾਹੀਦੀ ।ਆਪਣਾ ਪਿੰਡ ਆਪਣਾ ਹੁੰਦਾ ਹੈ ਆਪਣੇ ਆਪਣੇ ਹੁੰਦੇ ਹਨ ।ਕਿਸੇ ਦੀ ਉਂਗਲ ਪਿਛੇ ਲੱਗ ਕੇ ਆਪਣਾ ਸਹਿਚਾਰ ਆਪਣੀ ਭਰੱਪਈ ਨਹੀਂ ਤੋੜਨੀ ਚਾਹੀਦੀ ।ਵੋਟਾਂ ਤਾਂ ਅੱਜ ਗਈਆਂ ਤੇ ਕੱਲ ਫਿਰ ਆਈਆਂ ।ਗੰਦੀ ਸਿਆਸਤ ਤੋਂ ਉਪਰ ਉੱਠ ਕੇ ਆਪਣਾ ਸਹੀ ਉਮੀਦਵਾਰ ਚੁਣਨ ਦੀ ਹਿੰਮਤ ਰੱਖੀਏ । ਕੱਲ ਨੂੰ ਇਹ ਨਾ ਲੋਕ ਕਹਿਣ ਕੇ ਇਹ ਸਰਬਸੰਮਤੀ ਨਹੀਂ ਸਬਰਸੰਮਤੀ ਜਾਂ ਫਿਰ ਜ਼ਬਰਸੰਮਤੀ ਹੋਈ ਹੈ ।

# ਵਿਰਸਾ : ਅਲੋਪ ਹੋ ਗਈ ਰੱਸੀਆਂ ਵੱਟਣੀ ਕੁੰਡੀ

ਪੰਜਾਬ 'ਚ ਜਦੋਂ ਖੇਤੀਬਾੜੀ ਦੇ ਧੰਦੇ ਦਾ ਮਸ਼ੀਨੀ ਕਰਨ ਨਹੀਂ ਹੋਇਆ ਸੀ। ਉਸ ਸਮੇਂ ਖੇਤੀ ਦਾ ਸਾਰੇ ਦਾ ਸਾਰਾ ਧੰਦਾ ਹੱਥਾਂ ਨਾਲ ਅਤੇ ਬਲਦਾਂ ਨਾਲ ਕੀਤਾ ਜਾਂਦਾ ਸੀ। ਖੇਤੀ ਦਾ ਕੰਮ ਲਗਭਗ ਸਾਰਾ ਸਾਲ ਚੱਲਦਾ ਰਹਿੰਦਾ ਸੀ। ਹਾੜ੍ਹੀ ਦੇ ਸੀਜਨ ਵਿੱਚ ਜਦੋਂ ਕਣਕ ਵੱਢੀ ਜਾਂਦੀ ਸੀ ਤਾਂ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਸੀ। ਭਰੀਆਂ ਬੰਨ੍ਹਣ ਲਈ ਰੱਸੀਆਂ ਦੀ ਵਰਤੋ ਕੀਤੀ ਜਾਂਦੀ ਸੀ। ਇਹ ਰੱਸੀਆਂ ਸਣ ਤੋਂ ਬਣਦੀਆ ਸਨ। ਸਣ ਦੇ ਬੂਟਿਆਂ ਨੂੰ ਕੱਟਣ ਉਪਰੰਤ ਭਰੀਆਂ ਬਣਾ ਕੇ ਪਿੰਡ ਦੇ ਟੋਬੇ ਜਾਂ ਛੱਪੜ ਵਿੱਚ ਦੋ ਹਫ਼ਤਿਆਂ ਲਈ ਡੁਬੋ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਇਸ ਦੇ ਰੇਸ਼ੇ ਪੋਲੇ ਹੋ ਕੇ ਛਿੱਲਣ ਯੋਗ ਹੋ ਜਾਂਦੇ ਸਨ। ਜਿਮੀਦਾਰ ਆਪਣੇ ਵਿਹਲੇ ਸਮੇਂ ਵਿੱਚ ਰੇਸ਼ੇਦਾਰ ਬੂਟਿਆਂ ਵਿੱਚੋਂ ਰੇਸ਼ਾ ਛਿੱਲ ਕੇ ਜੁਦਾ ਕਰ ਲੈਂਦੇ ਸਨ। ਫਿਰ ਇਸ ਰੇਸ਼ੇ ਨੂੰ ਰੱਸੀਆਂ ਵੱਟਣੀ ਕੁੰਡੀ ਨਾਲ ਦੂਹਰਾ, ਤੀਹਰਾ ਜਾਂ ਚੌਹਰਾ ਕੀਤਾ ਜਾਂਦਾ ਸੀ। ਇੱਕ ਜਣਾ ਰੱਸੀਆਂ ਵੱਟਣੀ ਕੁੰਡੀ ਨੂੰ ਹੱਥ 'ਚ ਫੜ੍ਹ ਕੇ ਘੁੰਮਾਈ ਜਾਂਦਾ ਤੇ ਪਿਛਾਂਹ ਹਟਦਾ ਜਾਂਦਾ, ਦੂਜਾ ਜਣਾ ਰੇਸ਼ਿਆਂ ਨੂੰ ਰੇਸ਼ਿਆਂ ਨਾਲ ਜੋੜੀ ਜਾਂਦਾ। ਇਸ ਤਰ੍ਹਾਂ ਇੱਕ ਵੱਡੀ ਸਾਰੀ ਰੱਸੀ ਬਣਾ ਲਈ ਜਾਂਦੀ। ਫਿਰ ਉਸ ਵੱਡੀ ਰੱਸੀ ਨੂੰ ਕੱਟ ਕੇ ਛੋਟੀਆਂ ਰੱਸੀਆਂ ਬਣਾ ਲਈਆਂ ਜਾਂਦੀਆਂ ਤੇ ਫਿਰ ਉਨ੍ਹਾਂ ਛੋਟੀਆਂ ਰੱਸੀਆਂ ਨਾਲ ਭਰੀਆਂ ਬੰਨ੍ਹ ਲਈਆਂ ਜਾਂਦੀਆਂ। ਰੱਸੀਆਂ ਵੱਟਣੀ ਕੁੰਡੀ ਤਾਰ ਅਤੇ ਦੋ ਬਾਂਸ ਜਾਂ ਲੱਕੜ ਦੇ ਟੁਕੜਿਆਂ ਦੀ ਬਣਾਈ ਜਾਂਦੀ ਸੀ। ਜਿਸ ਤਰ੍ਹਾਂ ਤੁਸੀਂ ਤਸਵੀਰ 'ਚ ਦੇਖ ਰਹੇ ਹੋ। ਦੇਖਣ ਨੂੰ ਇਹ ਸੰਦ ਬਹੁਤ ਛੋਟਾ ਲੱਗਦਾ ਹੈ ਪਰ ਕੰਮ ਇਹ ਬਹੁਤ ਵੱਡਾ ਕਰਦੀ ਸੀ। ਤਕਨੀਕ ਦੇ ਇਸ ਦੌਰ ਵਿੱਚ ਨਾ ਤਾਂ ਪਹਿਲਾਂ ਵਰਗੀਆਂ ਚੀਜ਼ਾਂ ਰਹੀਆਂ ਨੇ ਤੇ ਨਾ ਹੀ ਚੀਜ਼ਾਂ ਦੀ ਵਰਤੋ ਕਰਨ ਵਾਲੇ। ਮਸ਼ੀਨੀ ਦੌਰ ਵਿੱਚ ਹੱਥੀਂ ਕੰਮ ਕਰਨਾ ਘਟ ਗਿਆ ਹੈ। ਜਿਸ ਕਰਕੇ ਹੱਥ ਨਾਲ ਚੱਲਣ ਵਾਲੀਆਂ ਚੀਜ਼ਾਂ ਅਲੋਪ ਹੋ ਰਹੀਆਂ ਹਨ। ਹੋਰਨਾ ਚੀਜ਼ਾਂ ਵਾਂਗ ਇਹ ਰੱਸੀਆਂ ਵੱਟਣੀ ਕੁੰਡੀ ਵੀ ਹੁਣ ਅਲੋਪ ਹੋ ਗਈ ਹੈ।

-ਤਸਵਿੰਦਰ ਸਿੰਘ ਬੜੈਚ
ਮੋਬ : 98763-22677

# ਦਰਦ ਦੀ ਦਵਾ

## ਮਿੰਨੀ ਕਹਾਣੀ

ਮਹਿੰਦਰ ਸਿੰਘ ਮਾਨ
ਫੋਨ 9915803554

ਗਰਮੀਆਂ ਦੇ ਦਿਨ ਸਨ। ਰਾਤ ਦੇ ਦਸ ਕੁ ਵੱਜਣ ਵਾਲੇ ਸਨ। ਪਿੰਡ ਨੂੰ ਆਉਂਦੀ ਲਿੰਕ ਰੋਡ ਤੇ ਪਿੰਡ ਵਿੱਚ ਦਾਖਲ ਹੋਣ ਲੱਗਿਆਂ ਸਭ ਤੋਂ ਪਹਿਲਾਂ ਮੱਖਣ ਸਿੰਘ ਦਾ ਘਰ ਹੀ ਆਉਂਦਾ ਹੈ। ਅਚਾਨਕ ਉਸ ਦੇ ਘਰ ਦਾ ਗੇਟ ਕਿਸੇ ਨੇ ਖੜਕਾਇਆ। ਉਸ ਨੇ ਆਪਣੇ ਕਮਰੇ ਤੋਂ ਬਾਹਰ ਆ ਕੇ ਗੇਟ ਖੋਲ੍ਹਿਆ। ਇੱਕ 25 ਕੁ ਸਾਲ ਦਾ ਨੌਜਵਾਨ ਗੇਟ ਵਿੱਚ ਖੜ੍ਹਾ ਸੀ। ਸੜਕ ਤੇ ਖੜ੍ਹੀ ਕਾਰ ਵਿੱਚ ਕੋਈ ਔਰਤ ਦਰਦ ਨਾਲ ਕੁਰਲਾ ਰਹੀ ਸੀ। ਨੌਜਵਾਨ ਨੇ ਉਸ ਨੂੰ ਆਖਿਆ,÷ ਇੱਥੇ ਡਾਕਟਰ ਰਵੀ ਦਾ ਘਰ ਕਿੱਥੇ ਕੁ ਆ ? ਉਸ ਨੇ ਸਾਡੇ ਪਿੰਡ ਕਲੀਨਿਕ ਖੋਲ੍ਹਿਆ ਹੋਇਐ। ਕਾਰ @ਚ ਬੈਠੀ ਮੇਰੀ ਛੋਟੀ ਭੈਣ ਦੇ ਦਿਲ ਤੇ ਬਹੁਤ ਦਰਦ ਹੋ ਰਿਹੈ। ਅਸੀਂ ਉਸ ਨੂੰ ਫੋਨ ਕਰਨ ਦਾ ਬਹੁਤ ਯਤਨ ਕੀਤਾ, ਪਰ ਉਸ ਦਾ ਫੋਨ ਬੰਦ ਆ ਰਿਹੈ। ਮੇਰੀ ਛੋਟੀ ਭੈਣ ਪਹਿਲਾਂ ਵੀ ਉਸ ਤੋਂ ਦਵਾਈ ਲੈਂਦੀ ਆ। ਉਸ ਦਾ ਘਰ ਪਿੰਡ @ਚ ਤੰਗ ਗਲੀ @ਚ ਆ। ਤੁਹਾਨੂੰ ਲੱਭਣ @ਚ ਔਖ ਆਵੇਗੀ। ਇਸ ਕਰਕੇ ਮੈਂ ਤੁਹਾਡੇ ਨਾਲ ਚੱਲਦਾਂ,÷ ਕੁੜੀ ਨੂੰ ਦਰਦ ਨਾਲ ਕੁਰਲਾਂਦੇ ਵੇਖ ਕੇ ਮੱਖਣ ਸਿੰਘ ਨੇ ਆਖਿਆ। ਨੌਜਵਾਨ ਨੇ ਮੱਖਣ ਸਿੰਘ ਨੂੰ ਕਾਰ ਵਿੱਚ ਬਿਠਾ ਕੇ ਕਾਰ ਸਟਾਰਟ ਕੀਤੀ। ਅੱਧਾ ਕੁ ਕਿਲੋਮੀਟਰ ਜਾ ਕੇ ਮੱਖਣ ਸਿੰਘ ਨੇ ਨੌਜਵਾਨ ਨੂੰ ਕਾਰ ਰੋਕਣ ਲਈ ਕਿਹਾ। ਮੱਖਣ ਸਿੰਘ, ਨੌਜਵਾਨ ਤੇ ਉਸ ਦੀ ਛੋਟੀ ਭੈਣ ਕਾਰ ਚੋਂ ਉਤਰ ਕੇ ਡਾਕਟਰ ਰਵੀ ਦੇ ਘਰ ਵੱਲ ਨੂੰ ਤੁਰ ਪਏ। ਉਸ ਦੇ ਘਰ ਪਹੁੰਚ ਕੇ ਮੱਖਣ ਸਿੰਘ ਨੇ ਉਸ ਦੇ ਘਰ ਦਾ ਗੇਟ ਖੜਕਾਇਆ। ਉਸ ਦੇ ਡੈਡੀ ਨੇ ਗੇਟ ਖੋਲ੍ਹਿਆ ਤੇ ਉਹ ਕੁਰਸੀਆਂ ਤੇ ਬੈਠ ਕੇ ਉਸ ਦਾ ਇੰਤਜ਼ਾਰ ਕਰਨ ਲੱਗੇ। ਉਸ ਨੇ ਆਉਂਦੇ ਸਾਰ ਕੁੜੀ ਦਾ ਬਲੱਡ ਪ੍ਰੈਸ਼ਰ ਵੇਖਿਆ, ਜੋ ਕਿ ਨਾਰਮਲ ਤੋਂ ਕੁੱਝ ਵੱਧ ਸੀ। ਫੇਰ ਉਸ ਨੇ ਕੁੜੀ ਦੇ ਦਰਦ ਦਾ ਟੀਕਾ ਲਾਇਆ ਤੇ ਖਾਣ ਨੂੰ ਦੋ ਗੋਲੀਆਂ ਦਿੱਤੀਆਂ। ਦਸ ਕੁ ਮਿੰਟਾਂ ਵਿੱਚ ਉਸ ਨੂੰ ਦਰਦ ਤੋਂ ਕਾਫੀ ਰਾਹਤ ਮਿਲ ਗਈ। ਡਾਕਟਰ ਰਵੀ ਦਾ ਹਾਲੇ ਵਿਆਹ ਨਹੀਂ ਸੀ ਹੋਇਆ। ਉਹ ਵੇਖਣ ਨੂੰ ਬੜਾ ਸੋਹਣਾ ਲੱਗਦਾ ਸੀ। ਉਸ ਦੇ ਡੈਡੀ ਨੇ ਸੋਚਿਆ, ਕਿਤੇ ਉਸ ਦਾ ਮੁੰਡਾ ਇਸੇ ਕੁੜੀ ਨਾਲ ਵਿਆਹ ਨਾ ਕਰਵਾ ਲਵੇ। ਆਣ ਵਾਲੇ ਖਤਰੇ ਨੂੰ ਭਾਂਪਦੇ ਹੋਏ ਉਸ ਨੇ ਕੁੜੀ ਦੇ ਵੱਡੇ ਭਰਾ ਨੂੰ ਆਖਿਆ,÷ ਵੇਖ ਪੁੱਤ, ਮੇਰੀ ਗੱਲ ਦਾ ਗੁੱਸਾ ਨਾ ਕਰੀਂ। ਇਸ ਵੇਲੇ ਤੇਰੀ ਭੈਣ ਵਿਆਹੇ ਜਾਣ ਦੇ ਯੋਗ ਆ। ਇਦ੍ਹੇ ਲਈ ਚੰਗਾ ਜਿਹਾ ਮੁੰਡਾ ਲੱਭੋ। ਇਸ ਦੇ ਦਿਲ ਤੇ ਜਿਹੜਾ ਦਰਦ ਹੁੰਦਾ ਆ, ਇਹ ਟੈਂਪਰੇਰੀ ਆ। ਇਹ ਕੋਈ ਗੰਭੀਰ ਬੀਮਾਰੀ ਨਹੀਂ। ਇਸ ਦਾ ਵਿਆਹ ਹੋਣ ਨਾਲ ਸਭ ਕੁੱਝ ਠੀਕ ਹੋ ਜਾਵੇਗਾ ਇਸ ਤੋਂ ਪਹਿਲਾਂ ਕਿ ਉਹ ਹੋਰ ਕੁੱਝ ਬੋਲਦਾ, ਉਹ ਡਾਕਟਰ ਰਵੀ ਦੇ ਘਰ ਤੋਂ ਬਾਹਰ ਆ ਗਏ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273

Website: www.preetnama.com Email preetnamausa@gmail.com

11 OCT TO 17 OCT , 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273 | Website: www.preetnama.com Email preetnamausa@gmail.com | 11 OCT TO 17 OCT , 2024




# ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ



ਸੁਰਜੀਤ ਸਿੰਘ ਦਿਲਾ ਰਾਮ
ਸੰਪਰਕ 99147-22933

ਪੁੱਤਰਾਂ ਦੇ ਦਾਨੀ ਕਰਕੇ ਜਾਣੇ ਜਾਂਦੇ ਬਾਬਾ ਬੁੱਢਾ ਜੀ ਦਾ ਜਨਮ 1506 ਈ: ਨੂੰ ਮਾਤਾ ਗੌਰਾ ਜੀ ਦੀ ਕੁੱਖੋਂ ਭਾਈ ਸੁੱਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ ਵਿੱਚ ਹੋਇਆ। ਆਪ ਜੀ ਦਾ ਪਹਿਲਾ ਨਾਂ @ਬੂੜਾ@ ਸੀ। ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਨਾਲ ਤੀਜੀ ਉਦਾਸੀ ਸਮੇਂ ਕੱਥੂ ਨੰਗਲ ਗਏ ਸਨ। ਗੁਰੂ ਜੀ ਉਥੇ ਕੀਰਤਨ ਕਰ ਰਹੇ ਸਨ। ਕੀਰਤਨ ਦੀ ਸਮਾਪਤੀ ਉਪ੍ਰੰਤ ਗੁਰੂ ਸਾਹਿਬ ਨੇ ਡਿੱਠਾ ਕਿ ਇਕ ਬਾਲਕ ਨੇ ਦੁੱਧ ਦਾ ਗੜਵਾ ਲਿਆ ਕੇ ਰੱਖਿਆ ਹੋਇਆ ਹੈ। ਗੁਰੂ ਸਾਹਿਬ ਨੇ ਜਦੋਂ ਬਾਲਕ ਤੇ ਕ੍ਰਿਪਾ-ਦ੍ਰਿਸ਼ਟੀ ਪਾਈ ਤਾਂ ਬੂੜੇ ਆਖਿਆ ÷ਗਰੀਬ ਨਿਵਾਜ! ਤੇਰਾ ਦਰਸ਼ਨ ਕੀਤਾ ਹੈ, ਮੇਰਾ ਜਨਮ ਮਰਨ ਕਟੀਐ ਜੀ।÷

ਮਹਾਰਾਜ ਫੁਰਮਾਇਆ ÷ਤੂੰ ਅਜੇ ਬਾਲ ਹੈਂ, ਇਤਨੀ ਮਤ ਕਿਥੋਂ ਲਈ ?÷ ਤਾਂ ਬੂੜੇ ਆਖਿਆ ÷ਜੀ! ਇਕ ਦਿਨ ਮਾਂ ਨੇ ਚੁੱਲ੍ਹਾ ਬਾਲਣਾ ਚਾਹਿਆ। ਮੁੱਢਾਂ ਨੂੰ ਅੱਗ ਹੀ ਨਾ ਲੱਗੇ ਪਰ ਜਦੋਂ ਉਨ੍ਹਾਂ ਡਕਰੇ ਤੇ ਪਿਲਵੀ ਨੂੰ ਬਾਲਿਆ ਤਾਂ ਉਹ ਬਲ ਉੱਠੀਆਂ।

ਇਕ ਦਿਨ ਫਿਰ ਐਸਾ ਹੋਇਆ ਸੱਚੇ ਪਾਤਸ਼ਾਹ! ਮੁ.ਗਲ ਆਣ ਉਤਰੇ! ਨਾਲ ਉਨ੍ਹਾਂ ਕੱਚੀਆਂ ਖੇਤਰਾਂ ਵੱਢ ਲਈਆਂ, ਨਾਲੇ ਪੱਕੀਆਂ, ਨਾਲ ਅੱਧ-ਪੱਕੀਆ। ਮੇਰੇ ਮਨ ਵਿੱਚ ਆਈ ਜੇ ਇਨ੍ਹਾਂ ਡਾਢਿਆਂ ਦਾ ਹੱਥ ਕਿਸੇ ਨਹੀਂ ਫੜਿਆ ਤਾਂ ਜਮਾਂ ਦਾ ਹੱਥ ਕਿਸ ਪਕੜਨਾ ਹੈ। ਕ੍ਰਿਪਾ ਕਰੋ ਮੌਤ ਦਾ ਡਰ ਦੂਰ ਹੋਵੇ। ਜਨਮ ਮਰਨ ਕਟਿਆ ਜਾਵੇ। ਗੁਰੂ ਨਾਨਕ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ: ÷ਤੂੰ ਤਾਂ ਬਾਲਕ ਨਹੀਂ, ਤੇਰੀ ਤਾਂ ਬੁੱਢਿਆਂ ਜੈਸੀ ਮਤਿ ਹੈ, ਤੂੰ ਤਾਂ ਬੁੱਢਾ ਹੈ।÷ ਇਕ ਮਨ ਹੋਇ ਕੇ ਨਾਮ ਧਿਆਏਂਗਾ ਤਾਂ ਤੇਰਾ ਕਲਿਆਣ ਹੋਵੇਗਾ, ਆਰਜਾ ਵਧੇਗੀ। ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਪਿਛੋਂ ਆਪ ਜੀ ਦਾ ਨਾਂ ਬੁੱਢਾ ਪ੍ਰਚਲਿਤ ਹੋਇਆ। ਬਾਬਾ ਬੁੱਢਾ ਜੀ @ਤੇ ਗੁਰੂ ਨਾਨਕ ਸਾਹਿਬ ਜੀ ਦਾ ਅਜਿਹਾ ਅਸਰ ਹੋਇਆ ਕਿ ਉਹ ਘਰ-ਬਾਰ ਛੱਡ ਕੇ ਕਰਤਾਰਪੁਰ ਆ ਕੇ ਗੁਰੂ ਸਾਹਿਬ ਦੀ ਸੇਵਾ ਵਿੱਚ ਲੀਨ ਹੋ ਗਏ। ਬਾਬਾ ਬੁੱਢਾ ਜੀ ਦਾ ਵਿਆਹ ਬੀਬੀ ਮਿਰੋਆ ਨਾਲ ਹੋਇਆ ਅਤੇ ਆਪ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਆਪਣਾ ਅੰਤਲਾ ਸਮਾਂ ਨੇੜ ਆਉਣ ਕਰਕੇ @ਜੋਤਿ@ ਭਾਈ ਲਹਿਣੇ ਵਿੱਚ ਪਰਵਿਰਤ ਕਰ ਭਾਈ ਲਹਿਣੇ ਨੂੰ ਆਪਣਾ @ਅੰਗ@ ਜਾਣ ਕਰਕੇ ਗੁਰੂ ਅੰਗਦ ਦੇਵ ਬਣਾ ਦਿੱਤਾ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਕੋਲੋ ਲਗਵਾ ਕੇ ÷ਗੁਰੂ ਜੋਤਿ÷ ਨੂੰ ਮੱਥਾ ਟੇਕਿਆ। ਗੁਰੂ ਅੰਗਦ ਸਾਹਿਬ ਜੀ ਦਾ ਹੁਕਮ ਮੰਨ ਕੇ ਗੁਰਮੁਖੀ ਲਿਪੀ ਵਿੱਚ ਗੁਰਮਤਿ ਦੇ ਪਾਂਧੀਆਂ ਨੂੰ ਵਿਦਿਆ ਦੇਣੀ ਅਤੇ ਲੰਗਰ ਦੀ ਸੇਵਾ ਕਰਨੀ ਬਾਬਾ ਜੀ ਨੇ ਸ਼ੁਰੂ ਕੀਤੀ। ਗੁਰੂ ਅਮਰਦਾਸ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਜਦੋਂ 22 ਮੰਜੀਆਂ ਸਥਾਪਿਤ ਕੀਤੀਆਂ ਤਾਂ ਇਸ ਮੰਜੀ ਪ੍ਰਥਾ ਦੇ ਮੁੱਖ ਪ੍ਰਬੰਧਕ ਵੀ ਬਾਬਾ ਬੁੱਢਾ ਨੂੰ ਥਾਪਿਆ। ਇਸੇ ਤਰ੍ਹਾਂ ਜਦੋਂ ਅਕਬਰ ਬਾਦਸ਼ਾਹ ਗੁਰੂ ਸਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਬਾਬਾ ਬੁੱਢਾ ਜੀ ਜੇ @ਨਿਰਮਲ ਪੰਥ@ ਦੀ ਨਿਰਮਲਤਾ ਤੇ ਮਰਯਾਦਾ ਬਾਰੇ ਉਸਨੂੰ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਛਕ ਕੇ ਅਤੇ ÷ਗੁਰੂ ਸੰਗਤ÷ ਦੇ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਇਆ ਸੀ। ਗੁਰੂ ਰਾਮਦਾਸ ਪਾਤਸ਼ਾਹ ਨੇ ਜਦੋਂ ÷ਰਾਮਦਾਸਪੁਰ÷ ਦੀ ਸਥਾਪਨਾ ਕੀਤੀ ਤਾਂ ਅੰਮ੍ਰਿਤ ਸਰੋਵਰ ਦਾ ਟੱਕ ਬਾਬਾ ਬੁੱਢਾ ਜੀ ਤੋਂ ਲਗਵਾਇਆ ਅਤੇ ਇਸ ਮਹਾਨ ਸੇਵਾ ਦੇ ਮੁੱਖ ਸੇਵਾਦਾਰ ਬਾਬਾ ਬੁੱਢਾ ਜੀ ਨੂੰ ਥਾਪਿਆ। ਜਿਸ ਅਸਥਾਨ ਤੇ ਬਾਬਾ ਬੁੱਢਾ ਜੀ ਬੈਠ ਕੇ ਸਰੋਵਰ ਦੀ ਸੇਵਾ ਕਰਿਆ ਕਰਦੇ ਸਨ ਉਹ ਥਾਂ ਦਰਬਾਰ ਸਾਹਿਬ ਵਿੱਚ @ਬੇਰ-ਬਾਬਾ ਬੁੱਢਾ ਜੀ@ ਦੀ ਇਤਿਹਾਸਕ ਯਾਦ ਵਜੋਂ ਅੱਜ ਵੀ ਸੁਰੱਖਿਅਤ ਹੈ। ਗੁਰੂ ਅਰਜਨ ਸਾਹਿਬ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਜਦੋਂ 1604 ਈ: ਵਿੱਚ ਕੀਤੀ ਤਾਂ ਇਸ ਪਾਵਨ ਸਰੂਪ ਦੇ ਪਹਿਲੇ ਪ੍ਰਕਾਸ਼ ਵਾਸਤੇ ਜਦੋਂ ਬਾਬਾ ਬੁੱਢਾ ਜੀ ਨੂੰ ਪੁੱਛਿਆ ਤਾਂ ਬਾਬਾ ਜੀ ਨੇ ਆਖਿਆ ਮਹਾਰਾਜ ਆਪ ਤੋਂ ਵੱਡਾ ਕੌਣ ਹੋ ਸਕਦਾ ਹੈ ਪਰ ਇਸ ਨਾਚੀਜ਼ ਦੀ ਰਾਇ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਨਾਲੋਂ ਹੋਰ ਕੋਈ ਚੰਗਾ ਅਸਥਾਨ ਨਹੀਂ ਹੈ:-

ਸ੍ਰੀ ਗ੍ਰੰਥ ਲਾਇਕ ਦਰਬਾਰਾ॥ ਔਰ ਅਸਥਾਨ ਨ ਕੋਇ ਮੁਰਾਰਾ। ਇਹ ਸੁਣ ਸ੍ਰੀ ਗੁਰੂ ਭਯੋ ਅਨੰਦਾ॥ ਮਾਨੋ ਦਿਖਯੋ ਦੂਜ ਕੋ ਚੰਦਾ॥(ਗੁਰ ਬਿਲਾਸ ਪਾਤਸ਼ਾਹੀ ਛੇਵੀ) ਜਿਕਰ ਆਉਂਦਾ ਹੈ ਕਿ ਉਸ ਰਾਤ ਰਾਮਸਰ ਦੇ ਪਾਵਣ ਅਸਥਾਨ ਤੇ ਹੋਰ ਸਭ ਤਾਂ ਸੌ ਗਏ ਸਨ ਪਰ ਗੁਰੂ ਸਾਹਿਬ ਜਾਗਦੇ ਰਹੇ ਅਤੇ ਸਾਰੀ ਰਾਤ ਇਹੀ ਸੋਚਦੇ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗ੍ਰੰਥੀ ਕਿਸ ਨੂੰ ਥਾਪਿਆ ਜਾਏ। ਅੰਤ ਗੁਰੂ ਅਰਜਨ ਸਾਹਿਬ ਜੀ ਨੇ ਨਿਰਣਾ ਕੀਤਾ ਕਿ ਹੰਕਾਰ ਰਹਿਤ, ਸੇਵਾ ਦੇ ਪੁੰਜ, ਨਿਰਮਾਣ ਸੇਵਕ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਤੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਹਨ, ਉਹ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਹਨ:

ਸੇਵਾ ਵਿਖੇ ਨਿਪੁੰਨ ਜੋ ਹੋਇ॥ ਕਰੀਅਹਿ ਇਹਾ ਸੰਥਾਪਨਿ ਸੋਇ॥
ਸ੍ਰੀ ਨਾਨਕ ਕੈ ਦਰਸਨ ਕੀਨ॥ ਅਸ ਬੁੱਢਾ ਵਿਚ ਸੇਵਾ ਪ੍ਰਵੀਨ॥28॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸਿ 3 ਅੰਸੂ 50)

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ਅਤੇ ਬਾਬਾ ਜੀ ਨੂੰ ਹੁਕਮ ਕੀਤਾ-

ਬੁਢਾ ਨਿਜ ਸਿਰ ਪਰ ਧਰ ਗ੍ਰਿੰਥ॥ ਆਗੈ ਚਲਹੁ ਸੁਧਾਸਰ ਪੰਥ॥ ਮਾਨਿ ਬਾਕ ਲਏ ਭਯੋ ਅਗਾਰੇ॥ ਚਮਰ ਗੁਰੂ ਅਰਜਨ ਕਰ ਧਾਰੇ॥29॥...

ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਕਰਨ ਲੱਗੇ ਤਾਂ ਸਤਿਗੁਰਾਂ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ-

ਬੁਢਾ ਸਾਹਿਬ ਖੋਲਹੁ ਗ੍ਰੰਥ॥ ਲੇਹੁ ਅਵਾਜ਼ ਸੁਨਹਿ ਸਭ ਪੰਥ॥(ਰਾਸਿ 2, ਅੰਸੂ 50)

ਬਾਬਾ ਬੁੱਢਾ ਜੀ ਨੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤਾਂ ਪਹਿਲਾ ਹੁਕਮਨਾਮਾ ਆਇਆ ਸੀ:

ਸੂਹੀ ਮਹਲਾ ੫
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ॥(ਅੰਗ 783)

ਇਸ ਤਰ੍ਹਾਂ ਪਹਿਲੇ ਗ੍ਰੰਥੀ ਦੀ ਮਹਾਨ ਸੇਵਾ ਬਾਬਾ ਬੁੱਢਾ ਜੀ ਨੇ ਕੀਤੀ। ਜਦੋਂ ਗੁਰੂ ਅਰਜਨ ਸਾਹਿਬ ਜੀ ਮਾਝੇ-ਦੁਆਬੇ ਦੇ ਪ੍ਰਚਾਰ ਦੌਰੇ @ਤੇ ਗਏ ਤਾਂ ਗੁਰੂ ਸਾਹਿਬ ਦੀ ਆਗਿਆ ਸਦਕਾ ਬਾਬਾ ਬੁੱਢਾ ਜੀ @ਬੀੜ@ ਵਿੱਚ ਚਲੇ ਗਏ। ਇਹ ਬੀੜ ਗੁਰੂ ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ ਲਈ ਰਾਖਵੀਂ ਰੱਖੀ ਹੋਈ ਸੀ। ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿੱਤ ਗੁਰੂ ਅਰਜਨ ਸਾਹਿਬ ਜੀ ਨੇ ਮਾਤਾ ਨੂੰ ਬਾਬਾ ਬੁੱਢਾ ਜੀ ਜੀ ਸੇਵਾ ਵਿੱਚ ਹਾਜ਼ਰ ਹੋਣ ਲਈ ਕਹਿ ਬਾਬਾ ਜੀ ਦੀ ਮਹਾਨ ਸਖਸ਼ੀਅਤ ਨੂੰ ਸਤਿਕਾਰ ਬਖਸ਼ਿਆ। ਅਕਾਲ ਪੁਰਖ ਦੀ ਕਿਰਪਾ ਸਦਕਾ ਮਾਤਾ ਜੀ ਜੀ ਖਾਹਸ਼(ਗੁਰੂ) ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਨਾਲ ਪੂਰੀ ਹੋਈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਪਿੱਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿੱਤਾ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਵੀ ਪਹਿਨਾਈਆਂ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹਕੂਮਤ ਨੇ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰ ਦਿੱਤਾ ਗਿਆ ਤਾਂ ਮਾਤਾ ਗੰਗਾ ਜੀ ਦਾ ਹੁਕਮ ਪਾ ਕੇ ਬਾਬਾ ਬੁੱਢਾ ਜੀ ਗਵਾਲੀਅਰ ਚਲੇ ਗਏ ਪਰ ਉਸ ਸਮੇਂ ਦੇ ਹਾਕਮਾਂ ਨੇ ਬਾਬਾ ਜੀ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ। ਬਾਬਾ ਜੀ ਗੁਰੂ ਜਸ ਕਰਦੇ ਹੋਏ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗ ਪਏ। ਜਦੋਂ ਸਤਿਗੁਰਾਂ ਦੀ ਰਿਹਾਈ ਹੋਈ ਤਾਂ ਬਾਬਾ ਬੁੱਢਾ ਜੀ ਨੇ ਸੰਗਤਾਂ ਦੀ ਬਿਹਬਲਤਾ ਦਰਸਾਈ। ਗੁਰੂ ਸਾਹਿਬ ਫੁਰਮਾਇਆ ÷ਬਾਬਾ ਜੀ, ਆਪ ਜੀ ਨੇ ਏਨੀ ਖੇਚਲ ਕਿਉਂ ਕੀਤੀ। ਅਸਾਂ ਤਾਂ ਆ ਹੀ ਜਾਣਾ ਸੀ।÷ ਬਾਬਾ ਬੁੱਢਾ ਜੀ ਨੇ ਸਤਿਗੁਰਾਂ ਦੀ ਯਾਦ ਤਾਜ਼ਾ ਰੱਖਣ ਲਈ ਚੌਂਕੀ ਸਾਹਿਬ ਦੀ ਰੀਤ ਚਲਾਈ ਜੋ ਅੱਜ ਤੱਕ ਨਿਰੰਤਰ ਜਾਰੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੱਕ ਬਾਬਾ ਬੁੱਢਾ ਜੀ ਬਹੁਤ ਬਿਰਧ ਹੋ ਚੁੱਕੇ ਸਨ। ਬਾਬਾ ਜੀ ਗੁਰੂ ਜੀ ਤੋਂ ਆਗਿਆ ਪਾ ਕੇ ਪਿੰਡ ਰਾਮਦਾਸ ਆ ਗਏ ਸਨ। ਬਾਬਾ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕਰਕੇ ਗੁਰੂ ਦਰਸ਼ਨਾਂ ਦੀ ਤਾਂਘ ਦੀ ਇੱਛਾ ਜਾਹਿਰ ਕਰਦਿਆ ਇਕ ਸਿੱਖ ਕੋਲੋ ਸੁਨੇਹਾ ਭਿਜਵਾਇਆ ਤਾਂ ਗੁਰੂ ਸਾਹਿਬ ਉਸ ਸਮੇਂ ਹਾਜ਼ਰ ਹੋਏ। ਪੰਜ ਗੁਰੂ ਸਹਿਬਾਨ ਨੂੰ ਆਪਣੇ ਹੱਥੀਂ ਗੁਰਿਆਈ ਦਾ ਤਿਲਕ ਅਤੇ ਅੱਠ ਗੁਰੂ ਸਹਿਬਾਨ ਦੇ ਸਾਖਿਆਤ ਦਰਸ਼ਨ ਕਰ 125 ਸਾਲ ਦੀ ਉਮਰ ਭੋਗ ਕੇ ਬਾਬਾ ਬੁੱਢਾ ਜੀ 16 ਨਵੰਬਰ 1631 ਈ: ਨੂੰ ਪੰਜ ਭੂਤਕ ਸਰੀਰ ਤਿਆਗ ਕੇ ਅਕਾਲ ਪੁਰਖ ਵਿੱਚ ਲੀਨ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਨੇ ਆਪਣੇ ਹੱਥੀ ਬਾਬਾ ਬੁੱਢਾ ਜੀ ਦਾ ਅੰਤਿਮ ਸਸਕਾਰ ਕੀਤਾ। ਸਾਨੂੰ ਬਾਬਾ ਬੁੱਢਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਅੱਜ ਵੀ ਬੀੜ ਬਾਬਾ ਬੁੱਢਾ ਜੀ ਵਿਖੇ ਬਾਬਾ ਜੀ ਦੀ ਯਾਦ ਵਿੱਚ ਸਲਾਨਾ ਜੋੜ-ਮੇਲਾ ਮਨਾਇਆ ਜਾਂਦਾ ਹੈ। ਲੱਖਾਂ ਦੀ ਤਦਾਦ ਵਿੱਚ ਸੰਗਤਾਂ ਇਸ ਅਸਥਾਨ ਪੁਰ ਨਤਮਸਤਕ ਹੋ ਕੇ ਬਾਬਾ ਬੁੱਢਾ ਜੀ ਨੂੰ ਯਾਦ ਕਰਦੀਆਂ ਹਨ।

# ਸਿੱਖੀ ਦੀ ਫੁਲਵਾੜੀ 'ਚ ਮਹਿਕਾਂ ਵੰਡਦੇ ਫੁੱਲ ਪੰਥਕ ਕਾਰਜਾਂ ਨੂੰ ਪਹਿਲ ਦੇ ਰਹੇ ਨੇ ਯੋਗ ਪ੍ਰਬੰਧਕ



ਸਿੰਦਰ ਸਿੰਘ ਮੀਰਪੁਰੀ ਫਰਿਜਨੋ ਯੂ.ਐਸ.ਏ.
5592850841

ਪਿਛਲੇ ਦਿਨੀਂ ਆਪਣੀ ਜਨਮ ਭੂਮੀ ਪੰਜਾਬ ਫੇਰਾ ਪਾਇਆ ਤਾਂ ਬਹੁਤ ਗੱਲਾਂ ਅਜਿਹੀਆਂ ਸਾਹਮਣੇ ਆਈਆਂ ਜਿਨ੍ਹਾਂ ਨੂੰ ਦੇਖ ਕੇ ਮਨ ਅੰਦਰ ਗੁੱਸਾ ਅਤੇ ਰੋਸ ਵੀ ਜਾਗਿਆ ਪਰ ਨਾਲ ਦੀ ਨਾਲ ਕਈ ਅਜਿਹੇ ਕਾਰਜ ਵੀ ਸਾਹਮਣੇ ਆਏ ਜੋ ਉੱਚੀ ਸੋਚ ਦੇ ਵਿਅਕਤੀਆਂ ਵੱਲੋਂ ਕੀਤੇ ਜਾ ਰਹੇ ਹਨ । ਅੱਜ ਆਪਾਂ ਗੱਲ ਕਰਾਂਗੇ ਪੰਜਾਬ ਜਾਂ ਪੰਜਾਬ ਤੋਂ ਦੂਜੇ ਬਾਹਰਲੇ ਹਿੱਸਿਆਂ ਅੰਦਰ ਧਾਰਮਿਕ ਸਕੂਲਾਂ ਦੀ ਜੋ ਲੋੜਵੰਦਾਂ ਨੂੰ ਮੁਫ਼ਤ ਸਿੱਖਿਆ ਅਤੇ ਬਹੁਤ ਘੱਟ ਰੇਟ ਤੇ ਵਿੱਦਿਆ ਵੰਡ ਰਹੇ ਹਨ । ਅੱਜ ਪੂਰੀ ਦੁਨੀਆਂ ਅੰਦਰ ਮੁਕਾਬਲੇਬਾਜੀ ਦਾ ਯੁੱਗ ਹੈ ਇਸ ਯੁੱਗ ਅੰਦਰ ਜ਼ਰੂਰੀ ਹੋ ਜਾਂਦੈ ਕਿ ਹਰ ਇਨਸਾਨ ਨੇ ਤੀਜੇ ਨੇਤਰ ਵਜੋਂ ਜਾਣੇ ਜਾਂਦੇ ਵਿੱਦਿਆ ਦੇ ਉਸ ਵਿਸ਼ਾਲ ਗੁਣ ਨੂੰ ਗ੍ਰਹਿਣ ਕੀਤਾ ਹੋਵੇ ਜਿਸ ਨੂੰ ਕੋਈ ਵੀ ਖੋਹ ਨਹੀਂ ਸਕਦਾ । ਇਸ ਲਈ ਲੋੜ ਹੁੰਦੀ ਹੈ ਵਿੱਦਿਆ ਦੇ ਮੰਦਰ ਸਥਾਪਤ ਕਰਨ ਦੀ ਜਿੱਥੇ ਹਰ ਇਨਸਾਨ ਇਸ ਅਨਮੋਲ ਗੁਣ ਨੂੰ ਹਾਸਲ ਕਰ ਸਕੇ ।

ਨ ਅਜਿਹਾ ਹੀ ਕਾਰਜ ਕਰ ਰਹੇ ਹਨ ਪੰਜਾਬ ਦੇ ਵਿੱਚ ਖੋਲ੍ਹੇ ਧਾਰਮਿਕ ਹਸਤੀਆਂ ਦੇ ਨਾਂ ਤੇ ਪਬਲਿਕ ਸਕੂਲ ਅਤੇ ਕੋਚਿੰਗ ਸੈਂਟਰ ਜਿੱਥੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ । ਮਨ ਨੂੰ ਬੇਹੱਦ ਸਕੂਨ ਮਿਲਦਾ ਹੈ ਜਦ ਲੋਕ ਆਖਦੇ ਨੇ ਕਿ ਫਲਾਣੀ ਜਗ੍ਹਾ ਸੰਤ ਮਹਾਂਪੁਰਸ਼ਾਂ ਵੱਲੋਂ ਸਕੂਲ ਅਤੇ ਕੋਚਿੰਗ ਸੈਂਟਰਾਂ ਦੀ ਉਸਾਰੀ ਕੀਤੀ ਗਈ ਹੈ ਜਿੱਥੋਂ ਸੇਧ ਲੈ ਕੇ ਨੌਜਵਾਨ ਅਤੇ ਬੱਚੇ ਅੱਗੇ ਵਧਦੇ ਹਨ ਕਿ ਚਲੋ ਇਸ ਦੇ ਨਾਲ ਸਾਡੀ ਨੌਜਵਾਨੀ ਵਧੇਗੀ ਅਤੇ ਫੁੱਲੇਗੀ । ਇੱਥੇ ਇਸ ਗੱਲ ਦਾ ਜ਼ਿਕਰ ਵੀ ਕਰਨਾ ਕਹਾਂਗੇ ਕਿ ਬਹੁਤ ਸਾਰੇ ਸਕੂਲ ਅਜਿਹੇ ਵੀ ਹਨ ਜਿੱਥੇ ਫ਼ੀਸਾਂ ਰਾਹੀਂ ਬੱਚਿਆਂ ਦੀ ਸਿੱਲ ਲਾਹੀ ਜਾਂਦੀ ਹੈ ਪਰ ਜੇਕਰ ਇਨ੍ਹਾਂ ਧਾਰਮਿਕ ਸਕੂਲਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਗੱਲਾਂ ਤੋਂ ਹਟ ਕੇ ਹਨ ਭਾਵੇਂ ਇਨ੍ਹਾਂ ਦੀ ਆਲੋਚਨਾ ਵੀ ਸਮੇਂ ਤੇ ਹੁੰਦੀ ਰਹਿੰਦੀ ਹੈ ਪਰ ਜੇਕਰ ਇੱਕ ਪਾਸਾ ਵੇਖੀਏ ਭਾਵੇਂ ਕਈ ਵਾਰ ਉਨ੍ਹਾਂ ਸਕੂਲਾਂ ਦੀ ਆਲੋਚਨਾ ਵੀ ਕੀਤੀ ਜਾਂਦੀ ਹੈ ਜੋ ਪੜ੍ਹਾਈ ਦੇ ਨਾਂ ਤੇ ਬੱਚਿਆਂ ਦੀ ਛਿੱਲ ਲਾਹੁੰਦੇ ਹਨ ਪਰ ਇਹ ਸਕੂਲ ਇਨ੍ਹਾਂ ਗੱਲਾਂ ਤੋਂ ਦੂਰ ਹਨ ਇਸ ਲਈ ਇਨ੍ਹਾਂ ਦੀ ਸਿਫ਼ਤ ਕਰਨੀ ਵੀ ਸਾਡਾ ਫਰਜ ਬਣਦਾ ਹੈ ।

ਬਾਕੀ ਸਕੂਲਾਂ ਦੇ ਮੁਕਾਬਲੇ ਇਨ੍ਹਾਂ ਸਕੂਲਾਂ ਦਾ ਨਤੀਜਾ ਸਦਾ ਹੀ ਮਨ ਨੂੰ ਖੁਸ਼ੀ ਦੇਣ ਤੋਂ ਇਲਾਵਾ ਸੱਚ ਦੀ ਪਗਡੰਡੀ ਤੇ ਤੁਰਨ ਲਈ ਬਲ ਬਖ਼ਸ਼ਦਾ ਹੈ । ਛੇਵੀਂ ਕਲਾਸ ਤੋਂ ਲੈ ਕੇ ਬਾਰ੍ਹਵੀਂ ਕਲਾਸ ਤੱਕ ਬੱਚੇ ਗੁਰਸਿੱਖੀ ਸੋਚ ਨੂੰ ਪੂਰੀ ਤਰ੍ਹਾਂ ਪਰਨਾਏ ਹੋਏ ਨਜ਼ਰੀਂ ਪੈਂਦੇ ਹਨ , ਇਸ ਤੋਂ ਵੀ ਹੋਰ ਵੱਡੀ ਗੱਲ ਮਾਣ ਵਾਲੀ ਹੈ ਕਿ ਇੱਥੇ ਹਿੰਦੂ ਮੁਸਲਿਮ ਸਮੇਤ ਸਭ ਧਰਮਾਂ ਦੇ ਬੱਚਿਆਂ ਨੂੰ ਇੱਕੋ ਜਿਹਾ ਮਾਣ ਦਿੱਤਾ ਜਾਂਦਾ ਹੈ ਅਤੇ ਸਮੂਹ ਧਰਮਾਂ ਦੇ ਬੱਚੇ ਬੜੇ ਪਿਆਰ ਨਾਲ ਪੜ੍ਹਾਈ ਵਿੱਚ ਮਗਨ ਹੋ ਕੇ ਸਕੂਲ ਦਾ ਨਾਂਅ ਰੁਸਨਾ ਰਹੇ ਹਨ । ਬਹੁਤ ਸਾਰੇ ਬੱਚਿਆਂ ਦੇ ਮਾਪੇ ਆਖ ਦਿੰਦੇ ਨੇ ਕਿ ਬੀਬੀ ਹਰਦੀਪ ਕੌਰ ਢਿੱਲੋਂ ਵੱਲੋਂ ਆਪ ਖੁਦ ਬੱਚਿਆਂ ਦੇ ਪ੍ਰੇਰਨਾ ਸ੍ਰੋਤ ਬਣ ਕੇ ਪੇਸ ਆਉਣਾ ਆਪਣੇ ਆਪ ਵਿਚ ਇਕ ਵੱਡੀ ਮਿਸਾਲ ਹੈ । ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਧਾਰਮਿਕ ਸਕੂਲ ਦੇ ਬੱਚੇ ਚੰਗੀਆਂ ਪੁਜੀਸਨਾਂ ਲੈ ਕੇ ਪਾਸ ਹੋ ਰਹੇ ਹਨ ।

ਜੇਕਰ ਨਤੀਜਿਆਂ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਅਜਿਹੇ ਵਿਦਿਆਰਥੀ ਨੇ ਜਿਨ੍ਹਾਂ ਵੱਲੋਂ ਰਾਤਾਂ ਨੂੰ ਤਨਦੇਹੀ ਨਾਲ ਮਿਹਨਤ ਕਰਦਿਆਂ ਨੇ ਚੰਗੇ ਅੰਕ ਲੈ ਕੇ ਆਪਣੇ ਸਕੂਲ ਅਧਿਆਪਕ ਸਾਹਿਬਾਨ ਅਤੇ ਮਾਪਿਆਂ ਦਾ ਨਾਂਅ ਰੌਸਨ ਕੀਤਾ ਹੈ ਅਤੇ ਹੋਰਨਾਂ ਬੱਚਿਆਂ ਦੇ ਲਈ ਆਦਰਸ਼ ਬਣਨ ਦਾ ਜ਼ਰੀਆ ਵੀ ਬਣੀਆਂ ਹਨ ਇਹ ਬੱਚੀਆਂ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰਬਾਣੀ ਦੇ ਫਲਸਫੇ ਅਨੁਸਾਰ ਢਾਲ ਕੇ ਚੰਗਾ ਕਾਰਜ ਕੀਤਾ ਹੈ । ਇੱਕ ਪਾਸੇ ਜਿੱਥੇ ਮਹਿੰਗੇ ਸਕੂਲ ਆਪਣੇ ਆਪ ਨੂੰ ਹਾਈ-ਫਾਈ ਦਰਜੇ ਦਾ ਕਹਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ ਉੱਥੇ ਹੀ ਇਹ ਸਕੂਲ ਸਾਦ ਮੁਰਾਦੇ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਸਾਦਗੀ ਦੀ ਪਿਰਤ ਪਾ ਕੇ ਨਵੀਆਂ ਬੁਲੰਦੀਆਂ ਨੂੰ ਛੂਹ ਰਹੇ ਹਨ ਅਤੇ ਗੁਰੂ ਸਾਹਿਬ ਵੱਲੋਂ ਬਖਸ਼ੀ ਸੱਚੀ ਟਕਸਾਲ ਦੇ ਰਾਹੀਂ ਬਣਾਉਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ ।

ਇਨ੍ਹਾਂ ਸਕੂਲਾਂ ਦੇ ਬੱਚੇ ਚੰਗੇ ਰੁਤਬਿਆਂ ਨੂੰ ਮਾਨਣ ਵਾਲੇ ਉੱਚ ਕੋਟੀ ਦੇ ਖਿਡਾਰੀ ਇੰਜੀਨੀਅਰ ਬਣ ਆਪਣੇ ਮਾਪਿਆਂ ਅਤੇ ਸੂਬੇ ਦਾ ਨਾਂ ਰੋਸ਼ਨ ਕਰਨ ਲਈ ਸਿਰ ਤੋੜ ਯਤਨ ਕਰ ਰਹੇ ਹਨ ਹਰ ਤਰ੍ਹਾਂ ਦੀਆਂ ਖੇਡਾਂ , ਖਾਸਕਰ ਮੁੱਕੇਬਾਜ਼ੀ , ਵਿੱਚ ਇੱਥੋਂ ਦੇ ਬੱਚਿਆਂ ਨੇ ਵੱਡੀਆਂ ਮੱਲਾਂ ਮਾਰਕੇ ਅਧਿਆਪਕ ਸਾਹਿਬਾਨ ਨੂੰ ਮਾਣ ਦੇਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ । ਵਿਦੇਸ਼ੀ ਬੈਠੇ ਵੀਰਾਂ ਅਤੇ ਗੁਰੂ ਸਾਹਿਬ ਦੇ ਫਲਸਫੇ ਨੂੰ ਘਰ ਘਰ ਪਹੁੰਚਾਉਣ ਦੇ ਮਕਸਦ ਨਾਲ ਆਪਣੀ ਮੰਜ਼ਿਲ ਤੇ ਨਿਕਲੇ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਇਹੋ ਜਿਹੇ ਵਿੱਦਿਆ ਦੇ ਮੰਦਿਰਾਂ ਦੀ ਸਾਰ ਲੈਣ ਤਾਂ ਕਿ ਜਿੱਥੇ ਗ਼ਰੀਬ ਤੋਂ ਲੈ ਕੇ ਅਮੀਰ ਤੱਕ ਨੂੰ ਇੱਕੋ ਜਿਹਾ ਮਾਣ ਦਿੱਤਾ ਜਾਂਦਾ ਹੈ । ਸੱਚੇ ਦਿਲੋਂ ਵਿਦਿਆ ਦੀ ਕਦਰ ਕਰਨ ਵਾਲੇ ਸੱਜਣਾ ਨੂੰ ਚਾਹੀਦਾ ਹੈ ਕਿ ਉਹ ਵੀ ਵਿੱਦਿਆ ਦੇ ਅਜਿਹੇ ਮੰਦਿਰਾਂ ਦੀ ਸਾਰ ਲੈਣ ਤਾਂ ਕਿ ਉਹ ਵੀ ਆਪਣੇ ਨਿਵੇਕਲੇ ਕਾਰਜ ਵਿੱਚ ਸਫਲ ਹੋ ਸਕਣ । ਇਲਾਕੇ ਅੰਦਰ ਚੰਗੇ ਵਿਦਵਾਨਾਂ ਦੀ ਪਾਰਖੂ ਅੱਖ ਇਨ੍ਹਾਂ ਸਕੂਲਾਂ ਨੂੰ ਸਦਾ ਹੀ ਵੱਡਾ ਮਾਣ ਬਖ਼ਸ਼ਦੀ ਆਈ ਹੈ ਜਿਸ ਦੀ ਬਦੌਲਤ ਇਹ ਸਕੂਲ ਨਿੱਤ ਨਵੀਆਂ ਮੰਜ਼ਿਲਾਂ ਨੂੰ ਛੂਹ ਰਹੇ ਨੇ । ਸਾਡਾ ਵੀ ਫਰਜ ਬਣਦਾ ਹੈ ਕਿ ਅਸੀਂ ਆਪਣੇ ਵੱਲੋਂ ਉਨ੍ਹਾਂ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਈਏ ਜਿਹੜੇ ਪੜ੍ਹਾਈ ਤੋਂ ਇਲਾਵਾਂ ਸਿੱਖੀ ਸੋਚ ਅਤੇ ਸਿੱਖੀ ਫਲਸਫੇ ਨੂੰ ਸਮਰਪਿਤ ਹਨ । ਬਿਨਾਂ ਸੱਕ ਵਿੱਦਿਆ ਦੇ ਮੰਦਰ ਅੰਦਰ ਬੱਚਿਆਂ ਨੂੰ ਹੀਰੇ ਵਾਂਗ ਤਰਾਸ ਰਹੇ ਪਬਲਿਕ ਸਕੂਲ ਜੋ ਸਿੱਖ ਕੌਮ ਦੇ ਮਹਾਨ ਆਗੂਆਂ ਦੇ ਨਾਂ ਤੇ ਬਣੇ ਹੋਏ ਹਨ ।

# ਰੱਬ ਦਾ ਵਾਸਤਾ, ਇੱਕ ਵਾਰ ਬਣਾ ਦਿਉ ਸਰਪੰਚ

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਪੰਜਾਬ ਵਿੱਚ ਇਸ ਵਾਰ ਦੀਆਂ ਪੰਚਾਇਤੀਂ ਚੋਣਾਂ 15 ਅਕਤੂਬਰ ਨੂੰ ਹੋਣੀਆਂ ਹਨ ਜਿਸ ਕਾਰਨ ਸਾਰੇ ਪਾਸੇ ਮਾਰੋ ਮਾਰ ਮੱਚੀ ਹੋਈ ਹੈ। ਸਿਆਸੀ ਪਾਰਟੀਆਂ ਦੇ ਵਰਕਰਾਂ ਵਿੱਚ ਜੰਮ ਕੇ ਲੜਾਈਆਂ ਹੋ ਰਹੀਆਂ ਹਨ ਤੇ ਹੁਣ ਤੱਕ ਤਿੰਨ ਚਾਰ ਕਤਲ ਵੀ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਹੀ ਅਜਿਹੀ ਇੱਕ ਲੜਾਈ ਵਿੱਚ ਜ਼ੀਰੇ ਦਾ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾਜ਼ਖਮੀ ਹੋ ਗਿਆ ਹੈ। ਇਸ ਤੋਂ ਇਲਾਵਾ ਚੋਣਾਂ ਸਬੰਧੀ ਕਿਸੇ ਮੁੱਦੇ ‘ਤੇ ਗੁਰਦਾਸਪੁਰ ਕਾਂਗਰਸ ਦੇ ਕੁਝ ਲੀਡਰਾਂ ਦਾ ਉਥੋਂ ਦੇ ਡਿਪਟੀ ਕਮਿਸ਼ਨਰ ਨਾਲ ਬੋਲ ਬੁਲਾਰਾ ਵੀ ਹੋ ਚੁੱਕਾ ਹੈ। ਆਗਾਜ਼ ਐਸਾ ਹੈ ਤੋਂ ਅੰਜ਼ਾਮ ਕਿਆ ਹੋਗਾ, ਸ਼ੇਅਰ ਦੇ ਮੁਤਾਬਕ ਅਜੇ ਤਾਂ ਸਿਰਫ ਕਾਗਜ਼ਾਤ ਦਾਖਲ ਕੀਤੇ ਜਾ ਰਹੇ ਹਨ। ਬਣ ਰਹੇ ਮਾਹੌਲ ਤੋਂ ਲੱਗਦਾ ਹੈ ਕਿ ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ, ਲੜਾਈ ਝਗੜੇ ਹੋਰ ਵਧ ਜਾਣਗੇ। ਅਖਬਾਰਾਂ ਵਿੱਚ ਇਸ ਸਬੰਧੀ ਕਈ ਦਿਲਚਸਪ ਖਬਰਾਂ ਪੜ੍ਹਨ ਲਈ ਮਿਲ ਰਹੀਆਂ ਹਨ। ਸਰਪੰਚੀ ਵੋਟਾਂ ਰਾਹੀਂ ਜਿੱਤਣ ਦੀ ਬਜਾਏ ਬੋਲੀ ਲਗਾਈ ਜਾ ਰਹੀ ਹੈ। 50 - 60 ਲੱਖ ਨੂੰ ਹੁਣ ਕੌਣ ਗੌਲਦਾ, ਬਟਾਲਾ ਨੇੜਲੇ ਇੱਕ ਪਿੰਡ ਵਿੱਚ ਦੋ ਕਰੋੜਦੇਣ ਦੀ ਗੱਲ ਸਾਹਮਣੇ ਆ ਚੁੱਕੀ ਹੈ। ਪਿਛਲੀਆਂ ਚੋਣਾਂ ਵਿੱਚ ਜਿਲ੍ਹਾ ਬਠਿੰਡਾ ਦੇ ਇੱਕ ਪਿੰਡ ਵਿੱਚ ਇੱਕ ਵਿਅਕਤੀ ਨੇ ਸਰਪੰਚੀ ਖਾਤਰ ਗੁਰਦਵਾਰੇ ਦੇ ਨਾਮ ਪੰਜ ਏਕੜ ਜ਼ਮੀਨ ਲਗਾਉਣ ਦੀ ਪੇਸ਼ਕਸ਼ ਕੀਤੀ ਸੀ।

ਮਾਲਵੇ ਤੋਂ ਸ਼ੁਰੂ ਹੋਈ ਵੋਟਾਂ ਖਰੀਦਣ ਦੀ ਬਿਮਾਰੀ ਹੁਣ ਸਾਰੇ ਪੰਜਾਬ ਵਿੱਚ ਫੈਲ ਚੁੱਕੀ ਹੈ। ਪ੍ਰਤੀ ਵਿਅਕਤੀਘੱਟੋ ਘੱਟ ਰੇਟ 500 ਰੁਪਏ ਹੈ, ਵੱਧ ਕੋਈ ਜਿੰਨਾਂ ਮਰਜ਼ੀ ਦੇ ਦੇਵੇ। ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਬਿਜਲੀ ਦੇ ਪੱਖੇ, ਫਰਿੱਜ਼ਾਂ ਅਤੇ ਮੋਟਰ ਸਾਈਕਲ ਆਦਿ ਤੱਕ ਦਿੱਤੇ ਜਾਂਦੇ ਹਨ। ਪੰਜਾਬ ਵਿੱਚ ਸਭ ਨਾਲੋਂ ਵੱਧ ਜੋਸ਼ ਖਰੋਸ਼ ਨਾਲ ਪੰਚਾਇਤੀ ਚੋਣਾਂ ਲੜੀਆਂ ਜਾਂਦੀਆਂ ਹਨ, ਦੂਸਰੇ ਨੰਬਰ ‘ਤੇ ਵਿਧਾਨ ਸਭਾ, ਤੀਸਰੇ ਨੰਬਰ ‘ਤੇ ਪਾਰਲੀਮੈਂਟ ਤੇ ਸਭ ਤੋਂ ਘੱਟ ਦਿਲਚਸਪੀ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵੇਲੇ ਦਿਖਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡ ਦੀ ਚੌਧਰ ਸਰਪੰਚ ਕੋਲ ਹੁੰਦੀ ਹੈ ਤੇ ਉਸ ਨੂੰ ਸਰਕਾਰੇ ਦਰਬਾਰੇ ਕੁਰਸੀ ਮਿਲਦੀ ਹੈ। ਉਸ ਕੋਲ ਪਿੰਡ ਦੀਆਂ ਬਹੁਗਿਣਤੀ ਵੋਟਾਂ ਹੋਣ ਕਾਰਨ ਇਲਾਕੇ ਦੇ ਵਿਧਾਇਕ ਅਤੇ ਐਮ.ਪੀ. ਵੀ ਉਸ ਨੂੰ ਅਹਿਮੀਅਤ ਦਿੰਦੇ ਹਨ। ਪਿੰਡ ਦਾ ਸਾਰਾ ਸਰਕਾਰੀ ਕੰਮ ਉਸ ਦੇ ਹੱਥ ਵਿੱਚ ਹੁੰਦਾ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸ਼ਗਨ ਸਕੀਮ, ਆਟਾ ਦਾਲ ਸਕੀਮ, ਮਨਰੇਗਾ ਵਿੱਚ ਕੰਮ ਦੇਣਾ, ਗਲੀਆਂ ਨਾਲੀਆਂ ਬਣਾਉਣੀਆਂ ਤੇ ਛੱਪੜ ਸਾਫ ਕਰਾਉਣੇ ਆਦਿ ਕੰਮ ਉਸ ਦੇ ਹੱਥ ਵਿੱਚ ਹੁੰਦੇ ਹਨ।

ਕਈ ਸਰਪੰਚ ਐਨੇਚੰਦਰੇ ਤੇ ਧੜੇਬਾਜ਼ ਹੁੰਦੇ ਹਨ ਕਿ ਵਿਰੋਧੀ ਪਾਰਟੀ ਦੇ ਬੰਦਿਆਂ ਦੇ ਘਰਾਂ ਸਾਹਮਣੇ ਗਲੀਆਂ ਤੇ ਨਾਲੀਆਂ ਤੱਕ ਨਹੀਂ ਬਣਨ ਦਿੰਦੇ। ਪੂਰਾ ਨਰਕ ਬਣਾ ਕੇ ਰੱਖਦੇ ਹਨ ਤੇ ਉਲਟਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਪੁਲਿਸ ਕੇਸ ਵਿੱਚ ਫਸਾਈ ਰੱਖਦੇ ਹਨ। ਪੰਚਾਇਤੀ ਚੋਣਾਂ ਪੰਜਾਬ ਦੀਆਂ ਸਭ ਤੋਂ ਖਰਚੀਲੀਆਂ ਚੋਣਾਂ ਮੰਨੀਆਂ ਜਾਂਦੀਆਂ ਹਨ। ਵੋਟਾਂ ਪੈਣ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਖਰਚਾ ਸ਼ੁਰੂ ਹੋ ਜਾਂਦਾ ਹੈ ਤੇ ਅਮੀਰ ਬੰਦਾ ਮਾੜੇ ਨੂੰ ਪੈਸੇ ਨਾਲ ਹੀ ਢਾਹ ਲੈਂਦਾ ਹੈ। ਦਿਨ ਵੇਲੇ ਪਕੌੜੇ ਜਲੇਬੀਆਂ ਦਾ ਲੰਗਰ ਚੱਲਦਾ ਹੈ ਤੇ ਰਾਤ ਨੂੰ ਮੀਟ ਤੇ ਸ਼ਰਾਬ ਦਾ। ਕਈ ਵੋਟਰ ਤਾਂ ਐਨੇ ਬੇਸ਼ਰਮ ਹੁੰਦੇ ਹਨ ਕਿ ਘਰ ਵਿੱਚ ਰਿਸ਼ਤੇਦਾਰ ਵੀ ਆ ਜਾਵੇ ਤਾਂ ਉਸ ਲਈ ਮੀਟ ਅਤੇ ਸ਼ਰਾਬ ਉਮੀਦਵਾਰ ਤੋਂ ਲੈ ਕੇ ਆਉਂਦੇ ਹਨ। ਹਰ ਕੋਈ ਇਹ ਹੀ ਸੋਚਦਾ ਹੈ ਕਿ ਚਾਰ ਦਿਨਾਂ ਦਾ ਮੇਲਾ ਹੈ, ਰੱਜ ਕੇ ਨਜ਼ਾਰੇ ਲੁੱਟੋ। ਪਰ ਇਸ ਤਰਾਂ ਦੀ ਚੁਣੀ ਹੋਈ ਪੰਚਾਇਤ ਤੋਂ ਫਿਰ ਕੀ ਉਮੀਦ ਰੱਖੀ ਜਾ ਸਕਦੀ ਹੈ ? ਜਿਹੜਾ ਬੰਦਾ ਘਰ ਫੂਕ ਕੇ ਜਿੱਤਿਆ ਹੈ, ਉਹ ਤਾਂ ਫਿਰ ਸਰਕਾਰੀ ਫੰਡ ਹੜੱਪ ਕਰਨ ਦਾ ਪੂਰਾ ਪੂਰਾ ਹੱਕਦਾਰ ਹੈ ਹੀ।

ਸਰਪੰਚ ਬਣਨ ਦੀ ਸਭ ਤੋਂ ਵੱਡੀ ਖਿੱਚ ਹੁੰਦੀ ਹੈ ਸਰਕਾਰੀ ਗਰਾਂਟਾਂ ਦਾ ਪੈਸਾ। ਅਜ਼ਾਦੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਲਈ ਅਰਬਾਂ ਖਰਬਾਂ ਰੁਪਿਆ ਸਰਕਾਰ ਵੱਲੋਂ ਅਲਾਟ ਕੀਤਾ ਜਾ ਚੁੱਕਿਆ ਹੈ। ਪਰ ਹੁਣ ਵੀ ਚੰਦ ਕੁ ਨੂੰ ਪਿੰਡਾਂ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਝੌਂਪੜ ਪੱਟੀਆਂ ਵਰਗੀ ਹੈ। ਨਾਲੀਆਂ ਤੇ ਛੱਪੜ ਗੰਦੇ ਪਾਣੀ ਨਾਲ ਭਰੇ ਮੁਸ਼ਕ ਮਾਰ ਰਹੇ ਹਨ, ਗਲੀਆਂ ਟੁੱਟੀਆਂ ਪਈਆਂ ਹਨ, ਸਕੂਲਾਂ - ਹਸਪਤਾਲਾਂ ਦੀਆਂ ਇਮਾਰਤਾਂ ਡਿਗੂੰ ਡਿੰਗੂ ਕਰ ਰਹੀਆਂ ਹਨ, ਸ਼ਾਮਲਾਟ ਜ਼ਮੀਨਾਂ ਅਤੇ ਛੱਪੜਾਂ ‘ਤੇ ਨਜ਼ਾਇਜ ਕਬਜ਼ੇ ਹੋ ਗਏ ਹਨ ਤੇ ਲਿੰਕ ਸੜਕਾਂ ਟੋਇਆਂ ਨਾਲ ਭਰੀਆਂ ਪਈਆਂ ਹਨ। ਜੇ ਪੰਜਾਬ ਸਰਕਾਰ ਇਮਾਨਦਾਰੀ ਨਾਲ ਕਿਸੇ ਰਾਸ਼ਟਰੀ ਪੱਧਰ ਦੀ ਕੰਪਨੀ ਕੋਲੋਂ ਆਡਿਟ ਕਰਵਾਏ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਣਗੇ। ਪੰਜਾਬ ਦੇ ਲੰਬੀ ਵਰਗੇ ਕਈ ਵੀ.ਆਈ.ਪੀ. ਹਲਕੇ ਅਜਿਹੇ ਹਨ ਜਿੱਥੇ ਪਿਛਲੇ ਸਮਿਆਂ ਵਿੱਚ ਕਰੋੜਾਂ ਰੁਪਏ ਗਰਾਂਟ ਆਈ ਸੀ। ਐਨਾ ਪੈਸਾ ਵਰ੍ਹਿਆ ਸੀ ਕਿ ਸਾਰਾ ਪਿੰਡ ਢਾਹ ਕੇ ਚੰਡੀਗੜ੍ਹ ਦੇ ਕਿਸੇ ਪੌਸ਼ ਸੈਕਟਰ ਵਰਗਾ ਬਣਾਇਆ ਜਾ ਸਕਦਾ ਸੀ। ਪਰ ਉਨ੍ਹਾਂ ਦੇ ਹਾਲਾਤ ਵੀ ਪੰਜਾਬ ਦੇ ਬਾਕੀ ਪਿੰਡਾਂ ਵਰਗੇ ਹੀ ਹਨ ਪਰ ਪੈਸਾ ਪੂਰੀ ਇਮਾਨਦਾਰੀ ਨਾਲ ਕਾਗਜ਼ਾਂ ਵਿੱਚ ਵਰਤਿਆ ਜਾ ਚੁੱਕਿਆ ਹੈ।

ਜਿਹੜਾ ਵਿਅਕਤੀ ਸਕੂਲ ਦੀ ਇਮਾਰਤ ਜਾਂ ਖੇਡ ਟੂਰਨਾਮੈਂਟ ਲਈ 100 ਰੁਪਏ ਦੇਣ ਲੱਗਿਆ ਰੋਣ ਲੱਗ ਪੈਂਦਾ ਹੈ, ਉਹ ਸਰਪੰਚੀ ਲਈ 50 - 60 ਰੁਪਏ ਖਰਚਣ ਲਈ ਤਿਆਰ ਹੋ ਜਾਂਦਾ ਹੈ। ਪੰਜਾਬ ਵਿੱਚ ਇਸ ਵੇਲੇ ਕਰੀਬ 13028 ਪੰਚਾਇਤਾਂ ਹਨ। ਜੇ ਇੱਕ ਪਿੰਡ ਦੇ ਉਮੀਦਵਾਰ 5 ਲੱਖ ਵੀ ਚੋਣਾਂ ਵਿੱਚ ਖਰਚਣ (ਅਸਲ ਵਿੱਚ ਇਸ ਤੋਂ ਕਈ ਗੁਣਾ ਵੱਧ ਪੈਸੇ ਖਰਚੇ ਜਾਂਦੇ ਹਨ) ਤਾਂ ਕਰੀਬ 651 ਕਰੋੜ ਰੁਪਏ ਬਣਦੇ ਹਨ। ਐਨਾ ਪੈਸਾ ਜੇ ਪਿੰਡ ਦੇ ਭਲੇ ਵਾਸਤੇ ਖਰਚ ਦਿੱਤਾ ਜਾਵੇ ਤਾਂ ਸਰਕਾਰੀ ਗਰਾਂਟਾਂ ਦੀ ਜਰੂਰਤ ਹੀ ਨਹੀਂ ਪਵੇਗੀ। ਪਰ ਇਹ ਪੈਸਾ ਲੋਕ ਭਲਾਈ ਨਹੀਂ, ਬਲਕਿ ਚੌਧਰ ਦੀ ਭੁੱਖ ਅਤੇ ਜਿੱਤ ਕੇ ਗਰਾਂਟਾਂ ਛਕਣ ਲਈ ਕੀਤਾ ਜਾਂਦਾ ਹੈ। ਜੇ ਕਿਸੇ ਸੰਭਾਵੀ ਸਰਪੰਚ ਨੂੰ ਉਸ ਦੇ ਏਜੰਡੇ ਬਾਰੇ ਪੁੱਛਿਆ ਜਾਵੇ ਤਾਂ ਪਤਾ ਲੱਗੇਗਾ ਕਿ 90% ਬੰਦੇ ਜਿੱਤ ਕੇ ਵਿਰੋਧੀ ਦੀ ਧੌਣ ‘ਤੇ ਗੋਡਾ ਰੱਖਣ ਦੀ ਤਿਆਰੀ ਕਰੀ ਬੈਠੇ ਹਨ,ਜਾਂ ਕਹਿਣਗੇ, ਇਨ੍ਹਾਂ ਨੀਲਿਆਂ ਚਿੱਟਿਆਂ ਨੇ ਸਾਡੇ ‘ਤੇ ਬੜੇ ਨਜਾਇਜ਼ ਪਰਚੇ ਦਰਜ਼ ਕਰਵਾਏ ਸਨ, ਪਹਿਲਾਂ ਤਾਂ ਉਹ ਭਾਂਗਾ ਲਾਹਵਾਂਗੇ।

ਪੰਚਾਇਤੀ ਚੋਣਾਂ ਨੇ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਕਈ ਪਿੰਡਾਂ ਵਿੱਚ ਤਾਂ ਫੋਕੀ ਚੌਧਰ ਹਾਸਲ ਕਰਨ ਲਈ ਸਕੇ ਭਰਾ ਇੱਕ ਦੂਸਰ ਦੇ ਮੁਕਾਬਲੇ ਚੋਣ ਲੜ ਰਹੇ ਹਨ। ਪਿੰਡਾਂ ਵਿੱਚ ਪੱਕੇ ਧੜੇ ਬਣਨ ਕਾਰਨ ਲੜਾਈਆਂ ਝਗੜੇ ਵਧ ਗਏ ਹਨ। ਇਸ ਵਾਰ ਕਈ ਪਿੰਡਾਂ ਵਿੱਚ ਚੰਗੀ ਭਲੀ ਸਰਬਸੰਮਤੀ ਹੋ ਰਹੀ ਸੀ ਪਰ ਭਾਨੀਮਾਰਾਂ ਨੇ ਸ਼ਰਾਬ ਮੀਟ ਦੇ ਲਾਲਚ ਵਿੱਚ ਨਹੀਂ ਹੋਣ ਦਿੱਤੀ। ਲੀਡਰ ਆਪੋ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਕਰੋ ਜਾਂ ਮਰੋ ਲਈ ਉਤਸ਼ਾਹਿਤ ਕਰ ਰਹੇ ਹਨ। ਪਰ ਇਨ੍ਹਾਂ ਦਾ ਕੁਝ ਨਹੀਂ ਜਾਣਾ, ਭੁਗਤਣਾ ਆਮ ਲੋਕਾਂ ਨੂੰ ਪੈਣਾ ਹੈ। ਜੇ ਕਿਤੇ ਲੜਾਈ ਵਿੱਚ ਕੋਈ ਬੰਦਾ ਮਰ ਜਾਵੇ ਤਾਂ ਦੋਵੇਂ ਧਿਰਾਂ ਬਰਬਾਦ ਹੋ ਜਾਂਦੀਆਂ ਹਨ। ਇੱਕ ਦਾ ਕਮਾਊ ਪੁੱਤ ਗਿਆ ਤੇ ਦੂਸਰਾ ਥਾਣਿਆਂ ਕਚਿਹਰੀਆਂ ਵਿੱਚ ਹੁੰਦੀ ਲੁੱਟ ਕਾਰਨ ਨੰਗ ਹੋ ਜਾਂਦਾ ਹੈ, ਜੇਲ ਦੀ ਸਜ਼ਾ ਜੋ ਮਿਲਦੀ ਹੈ ਉਹ ਅਲੱਗ। ਲੀਡਰ ਤਾਂ ਅਜਿਹੇ ਸਵਾਰਥੀ ਜੀਵ ਹਨ ਜੋ ਮਰੇ ਵਰਕਰ ਦੇ ਭੋਗ ‘ਤੇ ਵੀ ਨਹੀਂ ਜਾਂਦੇ।

ਪੰਚਾਇਤਾਂ ਲੋਕ ਰਾਜ ਦਾ ਮੁੱਢਲਾ ਥੰਮ ਹਨਤੇ ਇਨ੍ਹਾਂ ਵਿੱਚ ਹਿੱਸਾ ਜਰੂਰ ਲੈਣਾ ਚਾਹੀਦਾ ਹੈ। ਪਿੰਡ ਦੀ ਭਲਾਈ ਨੂੰ ਮੁੱਖ ਰੱਖ ਕੇ ਬਿਨਾਂ ਕਿਸੇ ਲੋਭ ਲਾਲਚ ਦੇ ਅਜਿਹੇ ਪੜ੍ਹੇ ਲਿਖੇ ਤੇ ਸੂਝਵਾਨ ਉਮੀਦਵਾਰਨੂੰ ਵੋਟ ਪਾਉਣੀ ਚਾਹੀਦੀ ਹੈ ਜੋ ਦਿਲੋਂ ਪਿੰਡ ਦਾ ਵਿਕਾਸ ਕਰਨਾ ਚਾਹੁੰਦਾ ਹੋਵੇ। ਹਜ਼ਾਰਦੋ ਹਜ਼ਾਰ ਦੀ ਸ਼ਰਾਬ ਪੀ ਕੇ ਜਾਂ ਵੋਟਾਂ ਦਾ ਮੁੱਲ ਲੈ ਕੇ ਬਾਅਦ ਵਿੱਚ ਆਪਾਂ ਕਿਵੇਂ ਕਹਿ ਸਕਦੇ ਹਾਂ ਪੰਚਾਇਤ ਵਿਕਾਸ ਨਹੀਂ ਕਰਦੀ ?ਫਿਰ ਤਾਂ ਜਿਵੇਂ ਪਿਛਲੇ ਪੰਜ ਸਾਲ ਵਾਲੇ ਸਰਪੰਚ ਨੇ ਗੁੱਲ ਖਿਲਾਏ ਸਨ, ਉਸੇ ਤਰਾਂ ਅਗਲੇ ਪੰਜਾ ਸਾਲਾਂ ਵਾਲਾ ਖਿਲਾਵੇਗਾ। ਵੈਸੇ ਵੀ ਚੋਣ ਲੜਨ ਵਾਲੇ ਉਮੀਦਵਾਰ ਇਹ ਖਿਆਲ ਰੱਖਣ ਕੇ ਪਿਛਲੀਆਂ ਸਰਕਾਰਾਂ ਵਰਗੇ ਗਰਾਂਟਾਂ ਦੇ ਗੱਫੇ ਇਸ ਵਾਰ ਨਹੀਂ ਲੱਭਣੇ। ਕੇਂਦਰ ਨਾਲ ਖਟਪਟੀ ਹੋਣ ਕਾਰਨ ਫਿਲਹਾਲ ਇਸ ਸਰਕਾਰ ਦਾ ਹੱਥ ਪੈਸੇ ਵੱਲੋਂ ਤੰਗ ਹੀ ਹੈ।

# ਆਪਾਂ ਕੀ ਲੈਣਾ, ਆਖਿਆਂ ਹੁਣ ਨਹੀਂ ਸਰਨਾ

ਅੰਮ੍ਰਿਤ ਕੌਰ
9876714004


ਜੇ ਚੰਗੀ ਤਰ੍ਹਾਂ ਨਜ਼ਰ ਮਾਰੀ ਜਾਵੇ ਤਾਂ ਪਿੰਡਾਂ ਵਿੱਚ ਪੰਚਾਇਤਾਂ ਪੁਰਾਤਨ ਸਮਿਆਂ ਤੋਂ ਹੀ ਪਿੰਡਾਂ ਦੀ ਭਲਾਈ ਲਈ ਬਣਾਈਆਂ ਜਾਂਦੀਆਂ ਸਨ। ਆਜ਼ਾਦੀ ਤੋਂ ਬਾਅਦ 1959 ਵਿੱਚ ਪੰਚਾਇਤੀ ਰਾਜ ਦੀ ਸ਼ੁਰੂਆਤ ਹੋਈ। ਸਮੇਂ ਸਮੇਂ @ਤੇ ਇਹਨਾਂ ਦੇ ਨਿਯਮ ਬਦਲਦੇ ਰਹੇ ਹਨ। ਕਦੇ ਕੋਈ ਧਿਰ ਵੱਧ ਮੈਂਬਰ ਜਿਤਾ ਕੇ ਆਪਣਾ ਸਰਪੰਚ ਚੁਣ ਲੈਂਦੀ, ਕਦੇ ਸਰਪੰਚ ਵੋਟਰਾਂ ਵੱਲੋਂ ਸਿੱਧੇ ਰੂਪ ਵਿੱਚ ਚੁਣੇ ਜਾਂਦੇ।

ਪਿੰਡਾਂ ਵਿੱਚ ਪੰਚਾਇਤਾਂ ਪਿੰਡ ਦਾ ਵਿਕਾਸ ਕਰਨ ਲਈ, ਪਿੰਡ ਵਾਸੀਆਂ ਦੀ ਭਲਾਈ ਲਈ ਬਣਾਈਆਂ ਜਾਂਦੀਆਂ ਹਨ। ਪਰ ਅਸਲ ਮੁੱਦੇ ਤੋਂ ਹਟ ਕੇ ਬਥੇਰਾ ਕੁੱਝ ਅਜਿਹਾ ਹੁੰਦਾ ਹੈ ਜੋ ਨਹੀਂ ਹੋਣਾ ਚਾਹੀਦਾ। ਪੰਚਾਇਤਾਂ ਵਿੱਚ ਔਰਤਾਂ ਲਈ ਵੀ ਰਾਖਵਾਂਕਰਨ ਹੁੰਦਾ ਹੈ। ਜਦੋਂ ਉਹ ਪੰਚ ਜਾਂ ਸਰਪੰਚ ਬਣਦੀਆਂ ਹਨ ਤਾਂ ਉਹਨਾਂ ਨੂੰ ਮਿਲੇ ਅਧਿਕਾਰਾਂ ਦਾ, ਸ਼ਕਤੀਆਂ ਦਾ ਇਸਤੇਮਾਲ ਬਹੁਤੀ ਵਾਰ ਮਰਦ ਹੀ ਕਰਦੇ ਹਨ ਉਹ ਤਾਂ ਸਿਰਫ਼ ਘਰ ਦੇ ਕੰਮ ਧੰਦੇ ਕਰਦਿਆਂ ਮਿੱਟੀ ਨਾਲ, ਆਟੇ ਨਾਲ ਜਾਂ ਗੋਹੇ ਨਾਲ ਲਿਬੜੇ ਹੱਥਾਂ ਨੂੰ ਧੋ ਕੇ ਆਪਣੇ ਹੀ ਕੱਪੜਿਆਂ ਨਾਲ ਹੱਥ ਪੂੰਝ ਕੇ ਦਸਖ਼ਤ ਕਰਦੀਆਂ ਜਾਂ ਅੰਗੂਠਾ ਹੀ ਲਗਾਉਂਦੀਆਂ ਹਨ। ਉਹਨਾਂ ਨੂੰ ਪਤਾ ਵੀ ਨਹੀਂ ਹੁੰਦਾ ਕਿ ਉਹਨਾਂ ਕਾਗਜ਼ਾਂ ਤੇ ਕੀ ਲਿਖਿਆ ਹੈ। ਪਰ ਹਮੇਸ਼ਾ ਇਸ ਤਰ੍ਹਾਂ ਨਹੀਂ ਹੁੰਦਾ ਕਈ ਬੀਬੀਆਂ ਮਰਦਾਂ ਨਾਲੋਂ ਵੀ ਤੇਜ਼ ਹੁੰਦੀਆਂ ਪਿੰਡ ਦੇ ਕੰਮ ਕਰਨ ਨੂੰ। ਪਿੰਡ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਸਰਪੰਚ ਬਣ ਕੇ ਪਿੰਡਾਂ ਨੂੰ ਨਮੂਨੇ ਦੇ ਪਿੰਡ ਬਣਾ ਰਹੀਆਂ ਹਨ।

ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਗਲੀਆਂ ਨਾਲੀਆਂ, ਰਾਹ, ਪਹੀਆਂ, ਫਿਰਨੀਆਂ ਸਭ ਪੱਕੀਆਂ ਹੀ ਪੱਕੀਆਂ। ਰੌਸ਼ਨੀਆਂ ਵਾਲੇ ਪਾਰਕ, ਜਦੋਂ ਦਾ ਰੌਲਾ ਪਿਆ ਹੈ ਕਿ ਰੁੱਖਾਂ ਦੀ ਕਟਾਈ ਐਨੀ ਕੁ ਹੋ ਚੁੱਕੀ ਹੈ ਸਾਨੂੰ ਸਾਹ ਲੈਣਾ ਵੀ ਔਖਾ ਹੋ ਜਾਵੇਗਾ ਤਾਂ ਸੂਝਵਾਨ ਪਰਉਪਕਾਰੀ ਇਨਸਾਨਾਂ ਦੀ ਹਿੰਮਤ ਨਾਲ ਰੁੱਖ ਬੂਟੇ ਲਾਉਣ ਦਾ ਰੁਝਾਨ ਵੀ ਵਧਿਆ ਹੈ। ਸਭ ਕੰਮ ਪੱਕੇ ਚੰਗੀ ਤਰ੍ਹਾਂ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਕੱਚਾ ਕੰਮ ਰਹਿ ਗਿਆ ਕਿ ਬਹੁਤੇ ਪਿੰਡਾਂ ਵਾਲੇ ਆਪਣੇ ਬੱਚਿਆਂ ਨੂੰ ਬਚਾਉਣ ਵਿੱਚ ਅਸਮਰਥ ਰਹੇ।...ਇੱਕ ਪਿੰਡ ਵਿੱਚ ਪਿਛਲੀ ਵਾਰ ਬਹੁਤ ਚੰਗਾ ਪੜ੍ਹਿਆ ਲਿਖਿਆ ਸਰਪੰਚ ਬਣਿਆ। ਉਸ ਨੇ ਪਿੰਡ ਦੇ ਹਰ ਕੰਮ ਬੜੇ ਸੁਚੱਜੇ ਤਰੀਕੇ ਨਾਲ ਕਰਵਾਏ।ਪਿੰਡ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਪਰ ਇੱਕ ਕੰਮ ਰੋਕਣ ਵਿੱਚ ਉਹ ਅਸਮਰੱਥ ਅਤੇ ਬੇਵਸ ਰਿਹਾ, ਉਹ ਸੀ ਪਿੰਡ ਵਿੱਚ ਨਸ਼ਿਆਂ ਦੀ ਆਮਦ। ਵੱਡੀ ਗੱਲ ਇਹ ਹੁੰਦੀ ਕਿ ਉਹ ਪਿੰਡ ਨੂੰ ਨਸ਼ਾ-ਮੁਕਤ ਬਣਾ ਸਕਦਾ। ਸ਼ਾਇਦ ਉਸ ਨੇ ਆਪਣੇ ਤਰੀਕੇ ਨਾਲ ਕੋਸ਼ਿਸ਼ ਕੀਤੀ। ਪਿੰਡ ਵਿੱਚ ਲਾਇਬਰੇਰੀ ਬਣਾਈ ਅਤੇ ਉਸ ਵਿੱਚ ਚੰਗੀਆਂ ਕਿਤਾਬਾਂ ਪੜ੍ਹਨ ਲਈ ਰੱਖੀਆਂ। ਸ਼ਾਇਦ ਉਸ ਦਾ ਆਪਣਾ ਤਰੀਕਾ ਹੋ ਸਕਦਾ ਹੈ ਕਿ ਜੇਕਰ ਨੌਜਵਾਨ ਚੰਗੀਆਂ ਕਿਤਾਬਾਂ ਪੜ੍ਹਨਗੇ ਤਾਂ ਉਹਨਾਂ ਦੀ ਆਪਣੀ ਸੂਝ ਸਿਆਣਪ ਵਧੇਗੀ ਅਤੇ ਬੁਰਾਈਆਂ ਵਿੱਚ ਨਹੀਂ ਫਸਣਗੇ। ਕੁੱਝ ਕੁ ਗਿਣਤੀ ਦੇ ਪਿੰਡ ਹੀ ਹੋਣਗੇ ਜਿਹੜੇ ਆਪਣੇ ਪਿੰਡਾਂ ਦੇ ਬੱਚਿਆਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰ ਸਕੇ ਹਨ। ਕਈ ਬੀਬੀਆਂ ਵੀ ਕਹਿ ਦਿੰਦੀਆਂ ਨੇ, @ਕਿਤਾਬਾਂ ਨੇ ਕਿਹੜਾ ਖਾਣ ਨੂੰ ਦੇਣਾ ਐ।@ ਚੰਗੀਆਂ ਕਿਤਾਬਾਂ ਸਿੱਧੇ ਰਾਹ ਤੋਰ ਸਕਦੀਆਂ, ਕਿਤਾਬਾਂ ਦੱਸਦੀਆਂ ਨੇ ਕੰਮ ਕੋਈ ਵੱਡਾ ਛੋਟਾ ਨਹੀਂ ਹੁੰਦਾ, ਸ਼ੁਰੂਆਤ ਛੋਟੇ ਕੰਮਾਂ ਤੋਂ ਹੋ ਸਕਦੀ ਹੈ। ਸਾਡੇ ਨਿਆਣੇ ਛੋਟੇ ਕੰਮ ਨੂੰ ਹੱਥ ਪਾ ਕੇ ਰਾਜ਼ੀ ਨਹੀਂ ਵੱਡਿਆਂ ਨੂੰ ਹੱਥ ਪੈਂਦੇ ਨਹੀਂ। ਕੁੱਝ ਵੀ ਨਾ ਕਰਨ ਨਾਲੋਂ ਤਾਂ ਕੋਈ ਛੋਟਾ ਮੋਟਾ ਕੰਮ ਹੀ ਕਰ ਲੈਣਾ ਚਾਹੀਦਾ ਹੈ। ਕਿਤਾਬਾਂ ਮਹਾਨ ਬੰਦਿਆਂ ਦੇ ਸੰਘਰਸ਼ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਉਹ ਵੀ ਕੋਈ ਜੰਮਦੇ ਹੀ ਮਹਾਨ ਨਹੀਂ ਸੀ ਬਣ ਗਏ। ਉਹਨਾਂ ਨੂੰ ਵੀ ਬਹੁਤ ਚੁਣੌਤੀਆਂ ਆਈਆਂ, ਉਹ ਵੀ ਕਈ ਵਾਰ ਹਾਰੇ, ਕਈ ਵਾਰ ਡਿੱਗੇ, ਵੱਡੀ ਗੱਲ ਇਹ ਹੈ ਕਿ ਡਿੱਗਣ ਤੋਂ ਬਾਅਦ ਫਿਰ ਖੜ੍ਹੇ ਹੋਏ, ਬਹੁਤ ਔਖਾਂ ਆਪਣੇ ਦਿਲ, ਦਿਮਾਗ ਅਤੇ ਸਰੀਰਾਂ @ਤੇ ਝੱਲ ਕੇ ਮਹਾਨ ਬਣੇ ਸਨ। ਜੀਵਨ ਨੂੰ ਬਦਲ ਦਿੰਦੀਆਂ ਹਨ ਕਿਤਾਬਾਂ। ਆਪਣੇ ਬੱਚਿਆਂ ਨੂੰ ਚੰਗੇ ਸਾਹਿਤ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਚੁਣੇ ਗਏ ਪੰਚਾਂ ਸਰਪੰਚਾਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦੀ ਕੀਮਤ ਪਤਾ ਹੋਵੇਗੀ। ਅਸੀਂ ਤਾਂ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਹੀ ਆਪਣੀ ਸ਼ਾਨ ਸਮਝਦੇ ਰਹੇ। ਕਾਮਯਾਬੀ ਦੀਆਂ ਪੌੜੀਆਂ ਚੜ੍ਹਨ ਵਾਲਿਆਂ ਦੀਆਂ ਲੱਤਾਂ ਖਿੱਚਣ ਜੋਗੇ ਹੀ ਰਹਿ ਗਏ। ਕਿਸੇ ਦੇ ਧੀ-ਪੁੱਤ ਦੀ ਗੱਲ ਨੂੰ ਵਧਾ ਚੜ੍ਹਾ ਕੇ ਕਰਿਆ ਜਾਂਦਾ ਹੈ। ਕਿਸੇ ਦੇ ਘਰੇ ਕੁੱਝ ਬੁਰਾ ਹੁੰਦਾ ਹੈ ਕਿਸੇ ਦਾ ਧੀ-ਪੁੱਤ ਗਲਤ ਰਾਹ ਤੁਰ ਪਿਆ ਉਹਨਾਂ ਦੀ ਮੱਦਦ ਕਰਨ ਦੀ ਥਾਂ... ਚੱਲ ਆਪਾਂ ਕੀ ਲੈਣਾ... ਆਖ ਕੇ ਸਾਰ ਦਿੰਦੇ ਹਨ ਜਦੋਂ ਕਿ... ਚੱਲ ਆਪਾਂ ਕੀ ਲੈਣਾ... ਆਖ ਕੇ ਹੁਣ ਨਹੀਂ ਸਰ ਸਕਦਾ। ਹੁਣ ਤਾਂ ਇੱਕ ਘਰ ਦੀ ਸਮੱਸਿਆ ਕਦੋਂ ਦੂਜੇ ਤੀਜੇ ਘਰ ਦੀ ਸਮੱਸਿਆ ਬਣ ਜਾਵੇ ਪਤਾ ਹੀ ਨਹੀਂ ਲੱਗਦਾ।

ਇੱਕ ਗੱਲ ਦੀ ਸਮਝ ਨਹੀਂ ਪੈਂਦੀ ਸਵਾਲ ਹਮੇਸ਼ਾ ਜ਼ਿਹਨ ਵਿੱਚ ਘੁੰਮਦੇ ਰਹਿੰਦੇ ਹਨ। ਚਲੋ ਵੋਟਾਂ ਪੈ ਗਈਆਂ ਪੰਚ ਸਰਪੰਚ ਵੀ ਬਣ ਈ ਜਾਣੇ ਨੇ। ਉਸ ਤੋਂ ਬਾਅਦ ਉਹਨਾਂ ਦੀਆਂ ਜ਼ਿੰਮੇਵਾਰੀਆਂ ਵੀ ਬਹੁਤ ਹੁੰਦੀਆਂ ਹਨ। ਉਹਨਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਕਿਹੜੇ ਘਰ ਵਿੱਚ ਕੀ ਸਮੱਸਿਆ ਚੱਲ ਰਹੀ ਹੈ। ਕਿਸ ਘਰ ਦਾ ਜਵਾਕ ਕਿਸੇ ਬੁਰਾਈ ਵਿੱਚ ਫਸ ਰਿਹਾ ਹੈ, ਕੌਣ ਕਰਜ਼ੇ ਤੋਂ ਪੀੜਤ ਹੈ, ਕਿਸ ਘਰ ਦੀ ਧੀ ਵਿਆਹੁਣ ਵਾਲੀ ਹੈ ਅਤੇ ਪਰਿਵਾਰ ਦੀ ਆਰਥਿਕ ਸਥਿਤੀ ਮਾੜੀ ਹੈ ? ਜੇ ਪੰਚ ਸਰਪੰਚ ਅਤੇ ਪਿੰਡ ਵਾਲੇ ਚਾਹੁਣ ਤਾਂ ਹਰ ਘਰ ਦੀ ਸਮੱਸਿਆ ਦਾ ਹੱਲ ਰਲ ਮਿਲ ਕੇ ਹੋ ਸਕਦਾ ਹੈ। ਕਈ ਪਿੰਡ ਇਸ ਤਰ੍ਹਾਂ ਦੇ ਸੁਚੱਜੇ ਕੰਮ ਕਰ ਵੀ ਰਹੇ ਹਨ ਉਹਨਾਂ ਤੋਂ ਸਿੱਖਣਾ ਬਣਦਾ ਹੈ। ਜੋ ਸਮਾਂ ਅੱਜ ਕੱਲ੍ਹ ਚੱਲ ਰਿਹਾ ਹੈ। ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ, ਆਪਣੇ ਆਂਢ-ਗੁਆਂਢ ਗਲੀ ਮੁਹੱਲੇ, ਪਿੰਡ ਨੂੰ, ਸ਼ਹਿਰ ਨੂੰ ਅਤੇ ਆਪਣੇ ਪੰਜਾਬ ਅਤੇ ਦੇਸ਼ ਨੂੰ ਬਚਾਉਣ ਲਈ ਚੰਗੇ ਨੇਕ ਅਤੇ ਇਮਾਨਦਾਰ ਮਿਹਨਤੀ ਇਨਸਾਨਾਂ ਨੂੰ ਇਕੱਠੇ ਹੋਣਾ ਜ਼ਰੂਰੀ ਹੈ। ਜੇ ਇੱਕ ਪਿੰਡ ਦੇ ਲੋਕ ਆਪਣੇ ਪਿੰਡ ਨੂੰ ਬੁਰਾਈ ਮੁਕਤ ਕਰ ਸਕਦੇ ਹਨ ਤਾਂ ਦੂਸਰੇ ਪਿੰਡ ਕਿਉਂ ਨਹੀਂ ਕਰ ਸਕਦੇ। ਫ਼ਕਰਪੁਣੇ ਵਿੱਚ ਵੀ ਤਾਂ ਰੀਸ ਕਰ ਲੈਂਦੇ ਹੋ ਫਿਰ ਚੰਗੇ ਕੰਮਾਂ ਵਿੱਚ ਰੀਸ ਕਿਉਂ ਨਹੀਂ ਹੋ ਸਕਦੀ। ਇੱਕ ਵਾਰ ਸਾਰਾ ਕੁੱਝ ਰਲ ਮਿਲ ਕੇ ਚੰਗਾ ਕਰ ਕੇ ਤਾਂ ਵੇਖੀਏ ਫਿਰ ਆਤਮ-ਸਨਮਾਨ ਨਾਲ ਭਰਿਆ ਬੰਦਾ ਟੌਹਰ ਵੀ ਮਾਰ ਦੇਵੇ ਉਹ ਵੀ ਚੰਗੀ ਲੱਗਦੀ ਹੈ। ਫਿਰ ਰੱਬ ਨੇ ਤੋਟ ਕੋਈ ਨਾ ਰੱਖੀ ਵਰਗੇ ਗੀਤ ਵੀ ਚੰਗੇ ਲੱਗਣਗੇ। ਪੰਜਾਬੀਆਂ ਦੀ ਸ਼ਾਨ ਵੱਖਰੀ ਵਾਲੀਆਂ ਗੱਲਾਂ ਵੀ ਚੰਗੀਆਂ ਲੱਗਣਗੀਆਂ। ਜਦੋਂ ਕਿ ਅਜੋਕੇ ਹਾਲਾਤ ਇਸ ਤਰ੍ਹਾਂ ਦੇ ਹਨ ਸ਼ਾਨਦਾਰ ਪੰਜਾਬੀਆਂ ਦੀ ਸ਼ਾਨ ਤਾਂ ਕਿਤੇ ਨਜ਼ਰ ਨਹੀਂ ਆਉਂਦੀ ।ਚਿਹਰਿਆਂ @ਤੇ ਲਾਲੀ ਦੀ ਥਾਂ ਪੀਲੱਤਣ ਛਾਈ ਦਿਸਦੀ ਹੈ।

ਬਹੁਤ ਕੁੱਝ ਗਵਾ ਲਿਆ, ਬਥੇਰੇ ਨੌਜਵਾਨ ਰਾਖ ਬਣ ਗਏ, ਬਥੇਰੇ ਜਹਾਜ਼ਾਂ ਵਿੱਚ ਚਾੜ੍ਹ ਕੇ ਪ੍ਰਦੇਸੀ ਬਣਾ ਦਿੱਤੇ। ਬਥੇਰੇ ਇੱਥੇ ਬੇਰੁਜ਼ਗਾਰੀ ਨਾਲ ਲੜਦੇ ਦਿਹਾੜੀਆਂ ਕਰਨ ਲਈ ਮਜ਼ਬੂਰ ਨੇ। ਘਰਾਂ ਵਿੱਚ ਬੈਠੇ ਵੀ ਸੁਰੱਖਿਅਤ ਨਹੀਂ। ਮਾਵਾਂ ਧੀਆਂ ਭੈਣਾਂ ਨੂੰ ਪਤਾ ਨਹੀਂ ਉਹਨਾਂ ਦੇ ਲੁਟੇਰੇ ਬਣੇ ਜੰਮੇ ਜਾਏ ਕਿਹੜੇ ਵੇਲੇ ਉਹਨਾਂ ਦੀ ਕੁੱਟਮਾਰ ਕਰ ਕੇ ਲੁੱਟ ਲੈਣ। ਇਹ ਗੱਲਾਂ ਆਮ ਹੁੰਦੀਆਂ ਹਨ। ਪਰ ਸਾਰੇ ਬੱਚੇ ਵਿਗੜੇ ਨਹੀਂ ਨਾ ਹੀ ਸਾਰੇ ਵਿਦੇਸ਼ਾਂ ਵਿੱਚ ਗਏ ਹਨ। ਬਹੁਤ ਕੁੱਝ ਚੰਗਾ ਵੀ ਹੋ ਰਿਹਾ ਹੈ। ਚੰਗੇ ਇਨਸਾਨ ਵੀ ਬਹੁਤ ਹਨ। ਪਿੰਡਾਂ ਦੇ ਪੰਚ ਸਰਪੰਚ ਚੰਗੇ ਬੁਲਾਰਿਆਂ ਨੂੰ ਬੁਲਾ ਕੇ ਬੱਚਿਆਂ ਨੂੰ ਪ੍ਰੇਰਨਾ ਦੇਣ ਵਾਲੇ ਭਾਸ਼ਣ ਵੀ ਕਰਵਾ ਸਕਦੇ ਹਨ। ਅੱਖਰਾਂ ਵਿੱਚ, ਸ਼ਬਦਾਂ ਵਿੱਚ ਬਹੁਤ ਤਾਕਤ ਹੁੰਦੀ ਹੈ। ਪਤਾ ਨਹੀਂ ਕਿਹੜੇ ਸ਼ਬਦ ਦਾ ਵਾਰ ਕਿਸੇ ਦੇ ਅੰਦਰੋਂ ਬੁਰਾਈ ਦੀ ਜੜ੍ਹ ਪੁੱਟ ਦੇਵੇ। ਇਹ ਕੋਈ ਔਖੇ ਕੰਮ ਨਹੀਂ। ਪਰ ਇਹਨਾਂ ਚੰਗੇ ਕੰਮਾਂ ਦੀ ਜ਼ਿੰਮੇਵਾਰੀ ਚੁੱਕਣੀ ਪੈਣੀ ਐ ਜਦੋਂ ਇਹੋ ਜਿਹੇ ਚੰਗੇ ਕੰਮਾਂ ਦੀ ਪਿਰਤ ਪੈਣ ਲੱਗ ਪਈ ਤਾਂ ਬੁਰਾਈਆਂ ਆਪੇ ਖ਼ਤਮ ਹੋ ਜਾਣਗੀਆਂ। ਜਦੋਂ ਸੁਧਾਰ ਕਰਨਾ ਹੋਵੇ ਆਪਣੇ ਆਪ ਤੋਂ ਸ਼ੁਰੂ ਕਰਨਾ ਪੈਂਦਾ ਹੈ। ਆਪਣੇ ਆਪ ਤੋਂ ਸ਼ੁਰੂ ਕਰਕੇ ਉਸ ਤੋਂ ਬਾਅਦ ਆਪਣਾ ਆਂਢ-ਗੁਆਂਢ, ਗਲੀ-ਮੁਹੱਲੇ, ਆਪਣਾ ਪਿੰਡ। ਜੇ ਆਪਣੇ ਆਪਣੇ ਪਿੰਡ ਦੀ ਜ਼ਿੰਮੇਵਾਰੀ ਵੀ ਲਈ ਜਾਵੇ ਇਹ ਹੀ ਦੇਸ਼ ਦੁਨੀਆਂ ਨੂੰ ਚੰਗੇ ਬਣਾਉਣ ਦੀ ਸ਼ੁਰੂਆਤ ਹੈ। ਇਹ ਕੰਮ ਦੀ ਸ਼ੁਰੂਆਤ ਪਿੰਡਾਂ ਦੀਆਂ ਪੰਚਾਇਤਾਂ ਹੀ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰ ਸਕਦੀਆਂ ਹਨ। ਚੰਗੇ ਪੜ੍ਹੇ ਲਿਖੇ ਸਿਆਣੇ, ਸੂਝਵਾਨ, ਨੇਕ, ਇਮਾਨਦਾਰ ਪੰਚ ਸਰਪੰਚ ਚੁਣੇ ਜਾਣ। ਰੰਗਲੇ ਪੰਜਾਬ ਦਾ ਮਤਲਬ ਉੱਤੋਂ ਉੱਤੋਂ ਰੰਗ ਬਿਰੰਗੀ ਲਿੱਪਾ ਪੋਚੀ ਕਰਨਾ ਨਹੀਂ, ਰੰਗ ਬਿਰੰਗੇ ਕੱਪੜੇ ਪਵਾ ਕੇ ਪੰਜ ਦਸ ਪ੍ਰੋਗਰਾਮ ਕਰਵਾ ਕੇ ਭੰਗੜਾ ਪਵਾਉਣਾ ਵੀ ਨਹੀਂ। ਰੰਗਲੇ ਪੰਜਾਬ ਦਾ ਮਤਲਬ ਚੰਗਾ ਕਰਨ ਦੇ ਜੋਸ਼ ਨਾਲ ਭਖਦੇ ਚਿਹਰੇ, ਅੰਦਰ ਦੀ ਅੱਗ ਜਿਹੜੀ ਹਰ ਸਮੇਂ ਕੁੱਝ ਚੰਗਾ ਕਰਨ ਦੀ ਹਿੰਮਤ ਦੇਵੇ। ਜਿਹੜੀ ਅੱਗ ਵਿੱਚ ਬੁਰਾਈਆਂ ਸੜਨ ਅਤੇ ਨੇਕੀ, ਇਮਾਨਦਾਰੀ ਹੋਰ ਲਿਸ਼ਕਾਂ ਮਾਰੇ। ਇਹ ਸਭ ਜਮਾਤ ਦੀ ਕਰਾਮਾਤ ਹੋਵੇਗੀ ਭਾਵ ਚੰਗੇ ਬੰਦੇ ਇਕੱਠੇ ਹੋਣ। ਚਲ ਆਪਾਂ ਨੂੰ ਕੀ ਲੈਣਾ ਆਖਿਆਂ ਹੁਣ ਨਹੀਂ ਸਰਨਾ।




# ਸਹਿਜ ਵਰਗੇ ਦਰਿਆ ਸੁਰਜੀਤ ਪਾਤਰ

ਅੱਖਾਂ ਬੰਦ ਕਰਕੇ ਅੰਤਰ ਧਿਆਨ ਹੋਣਾ ਤਾਂ ਸੁਰਜੀਤ ਪਾਤਰ ਦਾ ਵਰਤੋਂ ਵਿਹਾਰ, ਤੌਰ ਤਰੀਕਾ, ਵਿਚਰਨ ਅੰਦਾਜ਼ ਸਹਿਜ ਸੁਭਾਅ ਵਰਗੇ ਦਰਿਆ ਵਾਂਗ ਜਾਪਦਾ ਹੈ। ਨਿਰੰਤਰ ਵਹਿੰਦਾਕੰਡੇ ਨਹੀਂ ਤੋੜਦਾ। ਆਪਣੀ ਸਮਾਂ ਅਤੇ ਸਮਰਥਾ ਨੂੰ ਜਾਨਣਹਾਰ ਜੇ ਕੋਈ ਸਮਕਾਲੀ ਸ਼ਾਇਰ ਹੈ ਤਾਂ ਉਹ ਸਿਰਫ਼ ਸੁਰਜੀਤ ਪਾਤਰ ਹੈ। ਉਸ ਦੀ ਸ਼ਾਇਰੀ ਨਾਲ ਵਾਹ-ਵਾਸਤੇ ਦਾ ਮੇਰਾ ਇਹ ਪੰਜਾਹਵਾਂ ਸਾਲ ਹੈ। ਜੇ ਸੁਰਜੀਤ ਪਾਤਰ ਆਪਣੇ ਕਿਸੇ ਗੋਲਡਨ ਜੁਬਲੀ ਪਾਠਕ ਨੂੰ ਸਨਮਾਨਣਾ ਕਰੇ ਤਾਂ ਮੈਂ ਹਾਜ਼ਰ ਹਾਂ। ਮੇਰੇ ਵਰਗੇ ਸੁਭਾਗੇ ਹੋਰ ਕਿਨੇ ਕੁ ਹੋਣਗੇ ਜਿਨ੍ਹਾਂ ਨੇ ਪਾਤਰ ਹੋਣ ਦੀ ਬਰਕਰਾਰੀ ਤੇ ਬੇਕਰਾਰੀ ਹੁਣ ਤੀਕ ਕਾਇਮ ਰੱਖੀ ਹੈ।

ਗੱਲ ਫਿਰ ਤੁਰ ਕੇ ਗੁਰੂ ਨਾਨਕ ਕਾਲਿਜ਼ ਕਾਲਾ ਅਫਗਾਨਾ (ਗੁਰਦਾਸਪੁਰ) ਵਿੱਚ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਸ਼ਤਾਬਦੀ ਨੂੰ ਸਮਰਪਿਤ 1970 ਹੋਏ ਕਵੀ ਦਰਬਾਰ ਤੇ ਜਾ ਖਲੋਤੀ, ਜਿਸ ਵਿੱਚ ਮੈਂ ਪਹਿਲੀ ਵਾਲ ਸੁਰਜੀਤ ਪਾਤਰ ਨੂੰ ਸੁਣਿਆ ਸੀ। ਗੀਤ ਨੁਮਾ ਸੁਰੀਲੀ ਗ਼ਜ਼ਲ ਦੇ ਬੋਲ ਸਨ।

ਕੋਈ ਗਲੀਆਂ ਚੋਂ ਲੰਘਿਆ ਹਵਾ ਬਣ ਕੇ।
ਅਸੀਂ ਰਹਿ ਗਏ ਬਿਰਖ਼ ਵਾਲੀ ਹਾਅ ਬਣ ਕੇ।
ਕਦੇ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ,
ਤੂੰ ਤੇ ਲੰਘ ਜਾਨੈਂ, ਪਾਣੀ ਕਦੇ ਵਾਅ ਬਣ ਕੇ।
ਪਿਆ ਅੰਬਾਂ ਉਤੇ ਬੂਰ ਸੀ ਕਿ ਕੋਇਲ ਕੂਕ ਪਈ,
ਕਿਸੇ ਜਿੰਦ ਬੀਆ ਬਾਨ ਦੀ ਗਵਾਹ ਬਣ ਕੇ।
ਜਦੋਂ ਮਿਲਿਆ ਤਾਂ, ਹਾਣ ਦਾ ਸੀ ਸਾਂਵਰਾ ਜਿਹਾ,
ਜਦੋ ਜੁਦਾ ਹੋਇਆ ਤੁਰ ਗਿਆ, ਖ਼ੁਦਾ ਬਣ ਕੇ

ਇਕ ਹੋਰ ਗ਼ਜ਼ਲ ਦੇ ਬੋਲ ਸਨ।

ਪੀਲੇ ਪੱਤਿਆਂ ਤੇ ਪੱਬ ਧਰਕੇ ਹਲਕੇ ਹਲਕੇ।
ਹਰ ਸ਼ਾਮ ਅਸੀਂ ਭਟਕੇ, ਪੌਣਾਂ ਵਿੱਚ ਰਲ ਕੇ।
ਸੂਰਜ ਤਾਂ ਸਿਰਫ਼ ਛਿਪਦਾ ਹੈ, ਨਾ ਡੁੱਬਦਾ ਹੈ।
ਮਤ ਸੋਚ ਕਿ ਮੁੱਕ ਜਾਵੇਗਾ, ਸਿਵੇਂ 'ਚ ਬਲ ਕੇ।
ਇਹ ਜੋ ਉੱਡ ਰਹੇ ਅੱਜ ਹੰਸਾਂ ਦੇ ਜੋੜੇ,
ਇਨ੍ਹਾਂ ਦੀ ਵੀ ਰਾਖ਼ ਉਡੇਗੀ ਭਲਕੇ।
ਇਕ ਕੈਦ 'ਚੋਂ ਨਿਕਲ ਕੇ, ਦੂਜੀ 'ਚ ਪਹੁੰਚ ਗਈ ਏ,
ਕੀ ਖੱਟਿਆ ਮਹਿੰਦੀ ਲਾ ਕੇ , ਵੱਟਣਾ ਮਲ ਕੇ।

ਇਸ ਕਵੀ ਦਰਬਾਰ ਵਿੱਚ 'ਚ ਹੀ ਪਤਾ ਲੱਗਿਆ ਕਿ ਕਵਿਤਾ ਕੋਲ ਸਮਰਥਾਵਾਨ ਕਵੀ ਨੇ ਦਸਤਕ ਦੇ ਦਿੱਤੀ ਹੈ। ਇਥੇ ਹੀ ਦੂਸਰਾ ਕਵੀ ਕਸ਼ਮੀਰ ਕਾਦਰ ਸੁਣਿਆ। ਉਹ ਫਗਵਾੜਾ ਤੋਂ ਸੂਰਜਮੁੱਖੀ ਮੈਗਜ਼ੀਨ ਵੀ ਪ੍ਰਕਾਸ਼ਤ ਕਰਦਾ ਸੀ। ਉਸ ਦਾ ਗੀਤ

ਤੈਨੂੰ ਹਾਸਿਆਂ 'ਚੋ ਜ਼ਖ਼ਮ ਵਿਖਾਵਾਂ,
ਜੇ ਸਾਡੀ ਗਲ਼ੀ ਆਵੇਂ ਮਿੱਤਰਾ।
ਹੋਇਆ ਕੀ ਜੇ ਕਵੀ ਏਂ ਤੂੰ ਸਾਰਾ ਜੱਗ ਜਾਣਦਾ।
ਸਾਡਾ ਵੀ ਮੁਹੱਲਾ ਤੇਰੀ ਕਵਿਤਾ ਦੇ ਹਾਣ ਦਾ।
ਜਿੰਨੇ ਚੁੱਕ ਲਏਂਗਾ, ਗੀਤ ਚੁਕਾਵਾਂ।

ਪਰ ਕਾਦਰ ਨੂੰ ਪੰਜਾਬੀ ਫ਼ਿਲਮਾਂ ਦਾ ਮੋਹ ਬੰਬਈ ਲੈ ਗਿਆ। ਪਰਤਿਆ ਤਾਂ ਅਦਬੀ ਮੌਸਮ ਬਦਲ ਚੁੱਕਾ ਸੀ। ਸੁਰਜੀਤ ਪਾਤਰ ਨੇ ਆਪਣੀ ਲਗਾਤਾਰਤਾ ਬਰਕਰਾਰ ਰੱਖੀ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਆਪਣੀ ਕਾਵਿ- ਬੁਲੰਦੀ ਸਦਕਾ ਉਹ ਸਿਰਮੌਰਤਾ ਦੀ ਕਲਗੀ ਸਜਾਈ ਬੈਠਾ ਹੈ। ਸੁਰਜੀਤ ਪਾਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਉਦੋਂ ਰੀਸਰਚ ਫੈਲੋ ਸੀ। ਮਗਰੋਂ ਬਾਬਾ ਬੁੱਢਾ ਕਾਲਿਜ਼ ਬੀੜ ਸਾਹਿਬ (ਅੰਮ੍ਰਿਤਸਰ) 'ਚ ਪੜ੍ਹਾਉਣ ਲੱਗ ਪਏ। 1971 'ਚ ਮੈਂ ਲੁਧਿਆਣੇ ਜੀ.ਜੀ ਐਨ ਖਾਲਸਾ ਕਾਲਜ 'ਚ ਪੜ੍ਹਨ ਆ ਗਿਆ। ਏਥੇ ਸ਼ਮਸ਼ੇਰ ਸਿੰਘ ਸੰਧੂ ਤੇ ਕੁਝ ਹੋਰ ਦੋਸਤਾਂ ਨਾਲ ਰਲ਼ ਕੇ ਅਸੀ ਸੰਕਲਪ ਨਾਂ ਦਾ ਅਕਾਲਿਕ ਲੜੀਵਾਰ ਮੈਗਜ਼ੀਨ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਮੈਟਰ ਇੱਕਠਾ ਕਰਨ ਲਈ ਯੋਜਨਾਕਾਰੀ ਕਰਦਿਆਂ ਮੈਂ ਸੁਰਜੀਤ ਪਾਤਰ ਅਤੇ ਕਸ਼ਮੀਰ ਕਾਦਰ ਦੀਆਂ ਕਵਿਤਾਵਾਂ ਮੰਗਵਾਉਣ ਲਈ ਜ਼ੁਮੇਵਾਰੀ ਲੈ ਲਈ। ਪੋਸਟ ਕਾਰਡ ਲਿਖਿਆ ਬੀੜ ਸਾਹਿਬ ਦੇ ਸਿਰਨਾਵੇਂ ਤੇ। ਜਵਾਬੀ ਖ਼ੱਤ ਆ ਗਿਆ ਕਿ ਮੈਂ ਅਗਲੇ ਮਹੀਨੇ ਲੁਧਿਆਣੇ ਹੀ ਨੌਕਰੀ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ 'ਚ ਪ੍ਰੋਫੈਸਰ ਮੋਹਨ ਸਿੰਘ ਜੀ ਕੋਲ ਆ ਰਿਹਾਂ। ਆ ਕੇ ਕਵਿਤਾਵਾਂ ਦੇ ਦਿਆਂਗਾਂ। ਮੈਂ ਪਾਵਟੇ ਹਾਊਸ 'ਚ ਕਵੀ ਤੇ ਚਿਤਰਕਾਰ ਦੇਵ ਕੋਲ ਟਿਕਾਂਗਾ ਪਹਿਲੇ ਕੁਝ ਦਿਨ ਮਿਲ ਲੈਣਾ। ਦੇਵ ਉਹਨੀਂ ਦਿਨੀਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਉਸਰ ਰਹੇ ਪੇਂਡੂ ਵਸਤਾਂ ਦੇ ਅਜਾਇਬ ਘਰ ਵਿੱਚ ਇੱਕ ਦੀਵਾਰ ਤੇ ਮਿਊਰਲ ਪੇਂਟ ਕਰ ਰਿਹਾ ਸੀ ਡਾਕਟਰ ਮ. ਸ. ਰੰਧਾਵਾ ਜੀ ਨੇ ਕਲਾਤਮਕ ਮਾਹੌਲ ਸਿਖਰਾਂ ਤੇ ਪਹੁੰਚਾ ਦਿੱਤਾ ਸੀ ਉਹ ਵਾਈਸ ਚਾਂਸਲਰ ਸਨ ਤੇ ਉਹੀ ਪ੍ਰੋਫ਼ੈਸਰ ਮੋਹਨ ਸਿੰਘ ਜੀ ਨੂੰ ਲੁਧਿਆਣੇ ਲੈ ਕੇ ਆਏ ਸਨ। ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਅਜਾਇਬ ਚਿੱਤਰਕਾਰ ਤੇ ਉਰਦੂ ਕਵੀ ਕ੍ਰਿਸ਼ਨ ਅਦੀਬ, ਪਹਿਲਾਂ ਹੀ ਯੂਨੀਵਰਸਿਟੀ ਸੇਵਾ ਵਿੱਚ ਸਨ। ਡਾਕਟਰ ਸ ਦੋਸਾਂਝ , ਸ. ਨ. ਸੇਵਕ ਡਾਕਟਰ ਦਲੀਪ ਸਿੰਘ ਦੀਪ, ਡਾ ਵਿਦਿਆ ਭਾਸਕਰ ਅਰੁਣ, ਡਾ ਸਾਧੂ ਸਿੰਘ ਤੇ ਕਈ ਹੋਰ ਸਿਰਜਕ ਤੇ ਖੋਜੀ ਵਿਦਵਾਨ ਇਸ ਯੂਨੀਵਰਸਿਟੀ ਦੀ ਸੇਵਾ 'ਚ ਸੁਰਜੀਤ ਪਾਤਰ ਦੇ ਨਾਲ ਹੀ ਪੰਜਾਬੀ ਕਵੀ ਮੋਹਨਜੀਤ ਨੇ ਵੀ ਪ੍ਰੋਫੈਸਰ ਮੋਹਨ ਸਿੰਘ ਨਾਲ ਖੋਜ ਸਹਾਇਕ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੋਹਨਜੀਤ ਦਾ ਟਿਕਾਣਾ ਪ੍ਰਿੰਸ ਹੋਸਟਲ 'ਚ ਹੁੰਦਾ ਸੀ ਤੁਰਦੇ ਫਿਰਦੇ ਮਸਖ਼ਰੇ ਵਾਲੇ ਬਹੁਤੇ ਰੇਖਾ ਚਿੱਤਰ ਉਨ੍ਹਾਂ ਇੱਥੇ ਰਹਿੰਦਿਆਂ ਹੀ ਲਿਖੇ। ਅੰਮ੍ਰਿਤਪਾਲ ਨਾਗਰ ਦੇ ਨਾਵਲ ਬੂੰਦ ਤੇ ਸਮੁੰਦਰ ਦਾ ਅਨੁਵਾਦ ਵੀ ਉਨ੍ਹਾਂ ਇਹ ਏਥੇ ਹੀ ਕੀਤਾ। ?

ਖੈਰ ਪਾਤਰ ਨੂੰ ਮਿਲਣ ਲਈ ਮੈਂ ਤੇ ਸ਼ਮਸ਼ੇਰ ਸਾਈਕਲ ਸਵਾਰ ਹੋ ਕੇ ਯੂਨੀਵਰਸਿਟੀ ਦੇ ਪਾਵਤੇ ਹਾਊਸ ਜਾ ਦਸਤਕ ਦਿੱਤੀ। ਸਵੇਰ ਦਾ ਪਹਿਰ ਸੀ। ਨੰਗੇ ਸਿਰ ਇੱਕ ਚਿਹਰਾ ਸਾਡੇ ਸਨਮੁੱਖ ਸੀ। ਅਸਾਂ ਕਿਹਾ, ਪਾਤਰ ਸਾਹਿਬ ਨੂੰ ਮਿਲਣਾ ਹੈ। ਉਹ ਬੋਲਿਆ ਦੱਸੋ, ਮੈਂ ਹੀ ਪਾਤਰ ਹਾਂ ?। ਸ਼ਮਸ਼ੇਰ ਨੇ ਮੋੜਵਾਂ ਜਵਾਬ ਦਿੱਤਾ, ਯਾਰ! ਮਖੌਲ ਨਾ ਕਰ, ਅਸਾਂ ਪਾਤਰ ਸਾਹਿਬ ਨੂੰ ਮਿਲਣਾ ਹੈ ਜੋ ਕਵੀ ਨੇ ਇੰਨੇ ਚਿਰ ਨੂੰ ਮਗਰੋਂ ਦੇਵ ਆ ਗਿਆ ਹੱਸ ਕੇ ਬੋਲਿਆ! ਆ ਜਾਓ ਮੁੰਡਿਓ! ਇਹ ਹੀ ਸੁਰਜੀਤ ਪਾਤਰ ਹੈ ਸਾਨੂੰ ਧਰਤੀ ਵਿਹਲ ਨਾ ਦੇਵੇ - ਮੇਰੀ ਮੁਸੀਬਤ ਇਹ ਸੀ ਕਿ ਮੈਂ ਪਾਤਰ ਸਾਹਿਬ ਨੂੰ ਸਿਰਫ ਕਾਲਾ ਅਫਗਾਨਾ ਚ ਇੱਕ ਵਾਰ ਵੇਖਿਆ ਸੀ , ਸ਼ਮਸ਼ੇਰ ਪਹਿਲੀ ਵਾਰ ਮਿਲਿਆ ਸੀ। ਹੌਲੀ ਹੌਲੀ ਗੱਲਾਂ ਖੁੱਲ੍ਹ ਗਈਆਂ ਕਿ ਅਸੀਂ ਖ਼ਤ ਵਾਲੇ ਮੁੰਡੇ ਹਾਂ ਜੋ ਸੰਕਲਪ ਲਈ ਕਵਿਤਾ ਮੰਗਦੇ ਸਨ। ਪਾਤਰ ਨੇ ਕਵਿਤਾ ਦੀ ਕਾਪੀ ਸਾਨੂੰ ਸੌਂਪੀ ਤੇ ਕਿਹਾ ਮਿਲਦੇ ਗਿਲਦੇ ਰਹਾਂਗੇ। ਇਕ ਕਵਿਤਾ ਦੇਵ ਨੇ ਵੀ ਦੇ ਦਿੱਤੀ ਜੋ ਅਸਾਂ ਸੰਕਲਪ ਦੇ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕਰ ਦਿੱਤੀ। ਚਾਰੇ ਪਾਸੇ ਬੱਲੇ ਬੱਲੇ ਹੋ ਗਈ। ਚੰਗੇ ਮੈਟਰ ਸਦਕਾ ਸੰਕਲਪ ਪੂਰੇ ਪੰਜਾਬ ਵਿੱਚ ਸਾਡੀ ਪਛਾਣ ਦਾ ਚਿੰਨ੍ਹ ਬਣ ਗਿਆ।

ਹੌਲੀ ਹੌਲੀ ਸਾਨੂੰ ਪ੍ਰੋਫੈਸਰ ਮੋਹਨ ਸਿੰਘ, ਪ੍ਰਿੰਸੀਪਲ ਤਖਤ ਸਿੰਘ , ਪਾਸ਼, ਅਮਤੋਜ ਤੇ ਭੂਸ਼ਣ ਧਿਆਰਪੁਰੀ ਨੂੰ ਛਾਪਣ ਦਾ ਵੀ ਮਾਣ ਮਿਲਿਆ ਪਾਤਰ ਦੀ ਇੱਕ ਕਵਿਤਾ ਤਾਂ ਸੱਤਯਮ ਦੇ ਨਾਮ ਹੇਠ ਵੀ ਛੱਪੀ ਜੋ ਕਿਸੇ ਵਿਅਕਤੀ ਵਿਸ਼ੇਸ਼ ਦੇ ਵਤੀਰੇ ਦਾ ਪ੍ਰਤੀਕਰਮ ਸੀ।

ਕੁਝ ਸਮੇਂ ਬਾਅਦ ਪਾਤਰ ਨੇ ਸਰਦਾਰ ਅਰਜਨ ਸਿੰਘ ਜੋਸਨ ਦੇ ਗਵਾਂਢ ਚ ਚੁਬਾਰਾ ਕਿਰਾਏ ਤੇ ਲੈ ਲਿਆ। ਇਹ ਮੇਰੇ ਘਰ ਦੇ ਬਹੁਤ ਨੇੜੇ ਸੀ। ਸ. ਸ਼ੁਧਾ ਰੋਡ ਤੇ।

ਸ਼ਾਮ ਸਵੇਰੇ ਲੰਘਦੇ ਵੜਦੇ ਮੁਲਾਕਾਤਾਂ ਹੋਣ ਲੱਗੀਆਂ। ਸੁਰਜੀਤ ਪਾਤਰ ?ਸਾਡਾ ਰੋਲ ਮਾਡਲ ਬਣ ਗਿਆ। ਇਸ ਸੜਕ ਦੀ ਟੱਕਰ ਤੇ ਘੁਮਾਰਮੰਡੀ ਵੱਲ ਜਾਂਦਿਆਂ ਚਿੱਤਰਕਾਰ ਦੇਵ ਦਾ ਘਰ ਸੀ। ਉਸ ਦੀਆਂ ਪੇਂਟਿੰਗਜ਼ ਵੇਖਣ ਦਾ ਲਾਲਚ ਸਾਨੂੰ ਅਕਸਰ ਰਹਿੰਦਾ। ਉਦੋਂ ਸਭ ਦਾ ਵਤੀਰਾ ਦਰਿਆਵਾਂ ਵਰਗਾ ਸੀ ਡੱਬਾ ਬੰਦੀ ਨਹੀਂ ਸੀ। ਕਾਫ਼ਲੇ ਬੰਨ੍ਹ ਕੇ ਲਿਖਾਰੀ ਦੋਸਤ ਇੱਕ ਦੂਸਰੇ ਦੇ ਘਰੀਂ ਅਕਸਰ ਜਾਂਦੇ।

ਜੀ. ਜੀ. ਐੱਨ. ਖ਼ਾਲਸਾ ਕਾਲਜ ਵਿੱਚ ਡਾਕਟਰ ਐੱਸ. ਪੀ. ਸਿੰਘ ਸਾਡੇ ਅਧਿਆਪਕ ਸਨ ਸਾਹਿਤਕ ਸਰਗਰਮੀਆਂ ਦੇ ਕੇਂਦਰ ਬਿੰਦੂ ਰੋਜ਼ ਜਲੰਧਰੋਂ ਟਰੇਨ ਤੇ ਉਹ ਅਤੇ ਸਰਦਾਰ ਸਾਧੂ ਸਿੰਘ ਹਰ ਰੋਜ਼ ਆਉਂਦੇ। ਕਾਲਜ ਵਿੱਚ ਨਵੇਂ ਪੁਰਾਣੇ ਲਿਖਾਰੀਆਂ ਦੀ ਸਾਹਿਤ ਸਿਰਜਣ ਪ੍ਰਕਿਰਿਆ ਜਾਨਣ ਲਈ ਇੱਕ ਲੜੀ ਚੱਲਦੀ ਸੀ। ਇੱਕ ਪੁਰਾਣ ਲਿਖਾਰੀ ਤੇ ਇੱਕ ਅਸਲੋਂ ਸੱਜਰਾ। ਸ਼ਮਸ਼ੇਰ ਤੇ ਮੈਂ ਰਲ ਕੇ ਸਰਦਾਰ ਐੱਸ. ਪੀ. ਸਿੰਘ ਜੀ ਨੂੰ ਮਨਾ ਲਿਆ ਕਿ ਅਗਲੇ ਮਹੀਨੇ ਦੇ ਪ੍ਰੋਗਰਾਮ ਤੇ ਪ੍ਰਿੰਸੀਪਲ ਤਖਤ ਸਿੰਘ ਤੇ ਸੁਰਜੀਤ ਪਾਤਰ ਨੂੰ ਬੁਲਾਇਆ ਜਾਵੇ। ਉਨ੍ਹਾਂ ਹਾਮੀ ਭਰ ਦਿੱਤੀ। ਜਗਰਾਓਂ ਜਾ ਕੇ ਪ੍ਰਿੰਸੀਪਲ ਤਖਤ ਸਿੰਘ ਜੀ ਨੂੰ ਸੱਦਾ ਪੱਤਰ ਦੇ ਆਏ। ਸੰਕਲਪ ਲਈ ਉਨ੍ਹਾਂ ਦੀਆਂ ਦੋ ਰੁਬਾਈਆਂ ਵੀ ਲੈ ਆਏ। ਇੱਕ ਰੁਬਾਈ ਅੱਜ ਵੀ ਚੇਤੇ ਹੈ ?

ਲੜੇਂ ਕੱਖਾਂ ਹਨੇਰੀ ਨਾਲ ਕਾਹਨੂੰ।
ਨਾ ਐਵੇਂ ਮਾਰ ਤਲਵਾਰਾਂ ਹਵਾ ਨੂੰ ?।
ਸੀ ਊ ਤਾਂ ਕਹਿਣ ਨੂੰ ਫੁੱਲਾਂ ਦੀ ਨਗਰੀ, ?
ਤੁਰੇ ਜਿੱਧਰ ਵੀ ਵੱਜੇ ਰੋੜ ਸਾਨੂੰ ?

ਸੁਰਜੀਤ ਪਾਤਰ ਦੀ ਉਦੋਂ ਤੀਕ ਅਜੇ ਕੋਈ ਕਿਤਾਬ ਨਹੀਂ ਸੀ ਛਪੀ। ਪ੍ਰਮਿੰਦਰਜੀਤ ਤੇ ਜੋਗਿੰਦਰ ਕੈਰੋਂ ਨਾਲ ਸੰਮਲਿਤ ਪਹਿਲੀ ਪੁਸਤਕ ਕੋਲਾਜ ਕਿਤਾਬ ਵੀ ਮਗਰੋਂ ਛਪੀ। ਟੁੱਟਵੀਆਂ ਕਵਿਤਾਵਾਂ ਤੇ ਗ਼ਜ਼ਲਾਂ ਇਕੱਠੀਆਂ ਕਰਕੇ ਜਾਣ ਪਹਿਚਾਣ ਲਈ ਅਸਾ ਮਸਾਲਾ ਇਕੱਠਾ ਕੀਤਾ।

ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਮੋਹਨ ਸਿੰਘ ਜੀ ਨੇ ਕੀਤੀ ਸੀ। ਸਰੋਤਿਆਂ 'ਚ ਗੁਰੂਸਰ ਸਧਾਰ 'ਚ ਪੜ੍ਹਾਉਂਦੇ ਨੌਜਵਾਨ ਕਵੀ ਇਕਬਾਲ ਰਾਮੂਵਾਲੀਆਂ ਤੇ ਸੁਹਿੰਦਰਜੀਤ (ਕਰਤਾ ਸਫ਼ੈਦਿਆਂ ਦਾ ਜੰਗਲ) ਵੀ ਬੈਠੇ ਸਨ। ਪਾਸ਼ ਵੀ, ਅਮਰਜੀਤ ਗਰੇਵਾਲ, ਸੁਖਚੈਨ ਤੇ ਗੁਰਸ਼ਰਨ ਰੰਧਾਵਾ ਵੀ। ਭਰਵਾਂ ਸਮਾਗਮ ਸੀ! ਸੁਰਜੀਤ ਨੇ ਨਵੀਆਂ ਕਵਿਤਾਵਾਂ ਸੁਣਾਈਆਂ। ਬੁੱਢੀ ਜਾਦੂਗਰਨੀ ਆਖਦੀ ਹੈ, ਘਰਰ ਘਰਰ, ਪੱਛੋਂ ਤੇ ਪੁਰਵੱਈਆਂ, ਮਕਤੂਲ ਸੱਜਣ ਨੋਟ ਕਰਨ ਪਹਿਲੀ ਵਾਰ ਸੁਣੀਆਂ। ਇਕ ਕਵਿਤਾ ਦਾ ਕੁਝ ਹਿੱਸਾ ਹੁਣ ਤੀਕ ਚੇਤੇ ਹੈ।

ਮੇਰੀ ਧੁੱਪ ਬੀਮਾਰ ਪਈ ਹੈ।
ਮੇਰੇ ਸੂਰਜ ਨੂੰ ਫੜੀਆਂ ਨੇ ਟੁੱਕ ਦਿੱਤਾ ਹੈ।
ਦਫ਼ਤਰ ਦੇ ਦਰਵਾਜ਼ਿਓ ਬਾਹਰ
ਮੇਰੀ ਨਜ਼ਮ ਉਡੀਕਦੀ ਮੈਨੂੰ ਬੁੱਢੀ ਹੋ ਗਈ।
ਉਸ ਵਿਚਾਰੀ ਦੇ ਤਾਂ ਲੰਮੜੇ ਵਾਲ ਸੁਹਾਣੇ,
ਬਿਨਾ ਪਲੋਸਣ ਚਿੱਟੇ ਹੋ ਗਏ।
ਮੈਂ ਕੁਰਸੀ ਵਿੱਚ ਕਿਣ ਹੋਇਆ ਹਾਂ
ਕੁਰਸੀ ਵਿੱਚ ਚਿਣਿਆਂ ਪੁੱਤਰਾਂ ਨੂੰ,
ਸਾਹਿਬਜ਼ਾਦੇ ਕੌਣ ਕਹੇਗਾਂ ?
ਸਰਕਸ ਵਾਲਾ ਬੁੱਢਾ ਸ਼ੇਰ ਹੁਣ ਆਵੇਗਾ।
ਪਲ ਵਿੱਚ ਮੇਰੇ ਸਾਰੇ ਸੁਪਨੇ ਭਸਮ ਕਰੇਗਾ,
ਮੈਂ ਕਵਿਤਾ , ਮੈਂ ਭੀੜ ਦਾ ਪੁਰਜ਼ਾ।
ਗੁੱਛੂ ਮੁੱਛੂ ਹੋ ਕੇ ਇਕ ਦਰਾਜ਼ ਦੇ ਅੰਦਰ ਬਹਿ ਜਾਵਾਂਗਾ।

ਕਵਿਤਾ ਦੇ ਕਝ ਸ਼ਬਦ ਏਧਰ-ਉਧਰ ਹੋ ਸਕਦੇ ਹਨ ਕਿਉਂਕਿ ਜ਼ਬਾਨੀ ਅਕਸਰ ਹੀ ਗੜਬੜ ਹੋ ਜਾਂਦੀ ਹੈ।

ਉਸ ਦੀ ਕਵਿਤਾਂ 'ਪੁਲ' ਬੇਅੰਤ ਮੁੱਲਵਾਨ ਕਿਰਤ ਹੈ ਇਸ ਨੂੰ ਪਾਤਰ ਦੇ ਮੂੰਹੋਂ ਸੁਣਨ ਦਾ ਆਪਣਾ ਹੀ ਸੁਆਦ ਸੀ। ਇਸ ਵਿਚਲਾ ਦਰਦ ਸ਼ਬਦਾਂ ਤੋਂ ਬਾਹਰ ਵੀ ਫੈਲਰਵਾਂ ਹੈ। ਮੈਂ ਇਸ ਨੂੰ ਅੱਜ ਵੀ ਬਹੁਤ ਬਲਵਾਨ ਕਵਿਤਾ ਦੇ ਰੂਪ ਵਿੱਚ ਸਵੀਕਾਰ ਕਰਦਾ ਹਾਂ।

ਮੈਂ ਜਿੰਨ੍ਹਾਂ ਲੋਕਾਂ ਲਈ ਪੁਲ ਬਣ ਗਿਆ ਸਾਂ
ਜਦ ਉਹ ਮੇਰੇ ਉਪਰ ਦੀ ਲੰਘ ਰਹੇ ਸਨ
ਸ਼ਾਇਦ ਕਹਿ ਰਹੇ ਸਨ।
ਕਿੱਥੇ ਰਹਿ ਗਿਆ ਉਹ ਚੁੱਪ ਜਿਹਾ ਬੰਦਾ
ਸ਼ਾਇਦ ਪਿੱਛੇ ਮੁੜ ਗਿਆ ਹੈ
ਸਾਨੂੰ ਪਹਿਲਾਂ ਹੀ ਪਤਾ ਸੀ। ਉਸ ਵਿੱਚ ਦਮ ਨਹੀ ਹੈ।

ਲੁਧਿਆਣਾ ਵਿੱਚ ਸੁਰਜੀਤ ਪਾਤਰ ਦੀ ਆਮਦ ਨਾਲ ਏਥੇ ਕਵਿਤਾ ਪੱਕੇ ਪੈਰੀ ਹੋ ਜਾਂਦੀ ਹੈ। ਪਹਿਲਾਂ ਭਾਵੇਂ ਪ੍ਰੋ. ਮੋਹਨ ਸਿੰਘ ਨੇ ਅਜਾਇਬ ਚਿੱਤਰਕਾਰ ਵਰਗੇ ਕਵੀ ਹਾਜ਼ਰ ਸਨ। ਪਰ ਪਾਤਰ ਦੇ ਆਉਣ ਨਾਲ ਸਰਗਰਮੀ ਵਲੀ। ਯੂਨੀਵਰਸਿਟੀ 'ਚ ਸ. ਨ. ਸੇਵਕ ਦੀ ਹਿੰਮਤ ਸਦਕਾ ਯੰਗ ਰਾਈਟਰਜ਼ ਐਸੋਸੀਏਸ਼ਨ ਚੰਗਾ ਫੋਰਮ ਬਣ ਚੁੱਕਾ ਹੈ। ਇਸੇ ਫੋਰਮ ਨੇ ਹੀ ਡਾ. ਫਕੀਰ ਚੰਦ, ਅਮਰਜੀਤ ਗਰੇਵਾਲ, ਡਾ. ਸੁਖਚੈਨ ਮਿਸਤਰੀ, ਗੁਰਸ਼ਰਨ ਰੰਧਾਵਾ, ਸ਼ਰਨਜੀਤ ਮਣਕੂ, ਜਨਮੇਜਾ, ਜੌਹਲ, ਸੁਖਪਾਲ ਤੇ ਕਦੀਆਂ ਹੋਰਨਾਂ ਨੂੰ ਵਿਸ਼ੇਸ਼ ਪਛਾਣ ਦਿਵਾਈ।

ਕੁਝ ਸਮੇਂ ਬਾਅਦ ਸੁਰਜੀਤ ਪਾਤਰ ਨੂੰ ਪ੍ਰੋਫ਼ੈਸਰ ਮੋਹਨ ਸਿੰਗਕ ਆਪਣੇ ਗੁਆਂਢ 'ਚ ਮਹਾਰਾਜ ਨਗਰ 'ਚ ਲੈ ਆਏ। ਸਵੇਰ ਸ਼ਾਮ ਦੀ ਸਾਂਝ ਨੇ ਸਿਰਜਣਾਤਮਕ ਪ੍ਰਕ੍ਰਿਆ ਤੇਜ਼ ਕੀਤੀ। ਇਥੇ ਹੀ ਇੰਦਰਜੀਤ ਬਿੱਟੂ ਤੇ ਦਰਸ਼ਨ ਜੈਨ ਨਾਲ ਮੁਲਾਕਾਤਾਂ ਹੋਈਆਂ। ਦੋਵੇ ਪਾਤਰ ਦੇ ਪੰਜਾਬੀ ਯੂਨੀਵਰਸਿਟੀ ਵੱਲ ਦੇ ਸਨੇਹੀ ਸਨ।

ਪਾਤਰ ਦਾ ਕਮਰਾ ਕਿਸੇ ਸਰਾਂ ਤੋਂ ਘੱਟ ਨਹੀ ਸੀ। ਪੰਜ ਆਉਂਦੇ, ਚਾਰ ਪਰਤਦੇ ਰੋਜ਼ ਦਾ ਨਿੱਤਨੇਮ ਸੀ। ਡਾ. ਤੇਜਵੰਤ ਸਿੰਘ ਗਿੱਲ ਪੌੜੀਆਂ ਚੜ੍ਹ ਰਿਹਾ ਹੁੰਦਾ, ਪ੍ਰੋ. ਮੋਹਨ ਸਿੰਘ ਉਤਰ ਰਹੇ ਹੁੰਦੇ। ਫ਼ਰੀਦਕੋਟ ਵਾਲੇ ਪ੍ਰੋ. ਕਰਮਜੀਤ ਸਿੰਘ ਪਾਤਰ ਨੂੰ ਭਵਿੱਖ ਦੀ ਬਹੁਤ ਵੱਡੀ ਆਸ ਕਹਿੰਦੇ ਸਨ। ਕਿਦੀ ਆਸ ਪੂਰੀ ਹੋਈ ਹੈ। ਕਦੇ ਕਦੇ ਅਮਿਤੋਜ ਵੀ ਫੇਰਾ ਮਾਰਦਾ। ਪ੍ਰਮਿੰਦਰਜੀਤ ਤਾਂ ਲਗਭਗ ਦੋ ਸਾਲ ਪਾਤਰ ਕੋਲ ਪੱਕਾ ਹੀ ਰਿਹਾ।

ਅਸਲ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਮ.ਸ. ਰੰਧਾਵਾਂ ਦੇ ਨਾਲ ਜਰਨਲ ਸਕੱਤਰ, ਪ੍ਰੋ. ਮੋਹਨ ਸਿੰਘ ਸਨ।

ਉਨ੍ਹਾਂ ਅਕਾਡਮੀ ਦੀ ਪ੍ਰਿੰਟਿੰਗ ਪ੍ਰੈੱਸ ਵੇਚਣ ਦਾ ਫੈਸਲਾ ਕਰ ਲਿਆ। ਲੁਧਿਆਣਾ ਦੇ ਲਿਖਾਰੀਆਂ ਦਾ ਇਸ ਛਾਪੇਖਾਨੇ ਨਾਲ ਭਾਵੁਕ ਰਿਸ਼ਤਾ ਸੀ। ਸਰਦਾਰ ਸ. ਨ. ਸੇਵਕ ਨੇ ਸੁਰਜੀਤ ਪਾਤਰ, ਮਹਿੰਦਰ ਦੀਪ ਗਰੇਵਾਲ , ਮਹਿੰਦਰ ਦੁਸਾਂਝ, ਪ੍ਰਿੰਸੀਪਲ ਤਖ਼ਤ ਸਿੰਘ, ਬਲਵੰਤ ਸਿੰਘ ਸਰਹਾਲ (ਮਗਰੋਂ ਲੰਮੇ ਤੋਂ ਵਿਧਾਇਕ ਬਣੇ ) ਤੇ ਜੋਗਿੰਦਰ ਕੈਰੋਂ ਵਰਗੇ ਤੇਰਾਂ ਦੋਸਤ ਇਕੱਠੇ ਕਰ ਕੇ ਤੇਰਾਂ ਹਜ਼ਾਰ ਰੁਪਏ ਚ ਅਕਾਡਮੀ ਪ੍ਰੈੱਸ ਖਰੀਦ ਲਈ ਰਾਈਟਰਜ਼ ਪ੍ਰੈੱਸ ਨਾਮ ਹੇਠ ਰਜਿਸਟ੍ਰੇਸ਼ਨ ਕਰਵਾ ਲਈ। ਕਿਰਪਾਲ ਸਿੰਘ ਮਸ਼ੀਨਮੈਨ ਤੇ ਕੰਪੋਜ਼ੀਚਰ ਸੁਰਿੰਦਰ ਸਿੰਘ ਵੀ ਹਿੱਸੇਦਾਰ ਬਣਾ ਲਏ। ਮੈਨੇਜਰ ਵਜੋਂ ਪਰਮਿੰਦਰਜੀਤ ਨੂੰ ਨਿਯੁਕਤ ਕਰ ਲਿਆ। ਸ਼ਾਇਦ ਜਲਦੀ ਪੰਜਾਲੀ ਤੁੜਵਾ ਗਿਆ। ਦੋ ਕੁ ਮਹੀਨੇ ਮੈਂ ਵੀ ਪਾਰਟ ਟਾਈਮ ਇਸ ਪ੍ਰੈੱਸ ਦਾ ਡੇਢ ਸੌ ਰੁਪਏ ਮਹੀਨੇ ਤੇ ਮੈਨੇਜਰ ਰਿਹਾ। ਬਖ਼ਸ਼ਿੰਦਰ ਪਹਿਲੀ ਵਾਰ ਮੈਨੂੰ ਇਸ ਪ੍ਰੈੱਸ ਤੇ ਹੀ ਮਿਲਿਆ ਸੀ। ਉਹ ਪੋਲਟਰੀ ਗਾਈਡ ਮੈਗਜ਼ੀਨ ਚ ਨੌਕਰੀ ਕਰਦਾ ਸੀ। ਪ੍ਰਿੰਸੀਪਲ ਤਖਤ ਸਿੰਘ ਜੀ ਦੀ ਪੁਸਤਕ ਮੇਰੀ ਗ਼ਜ਼ਲ ਦੀ ਯਾਤਰਾ ਇਸੇ ਪ੍ਰੈੱਸ ਤੇ ਹੀ ਛਪੀ। ਸੰਚਾਰ ਨਾਮ ਹੇਠਾਂ ਮੈਗਜ਼ੀਨ ਵੀ ਆਰੰਭਿਆ ਪਰ ਲਿਖਾਰੀਆਂ ਦੇ ਸੁਪਨੇ ਦਾ ਤਿੰਨ ਸਾਲਾਂ ਮਗਰੋਂ ਹੀ ਭੋਗ ਪੈ ਗਿਆ। ਸੁਰਜੀਤ ਪਾਤਰ ਦੇ ਕਮਰੇ ਚ ਆਏ ਗ੍ਰਾਮੋਫੋਨ ਰੀਕਾਰਡ ਪਲੇਅਰ ? ਤੇ ਅਸੀਂ ਅਕਸਰ ਬੇਗ਼ਮ ਅਖ਼ਤਰ ਸੁਣਦੇ ਕਦੇ ਮਹਿੰਦੀ ਹਸਨ। ਕੁਲਦੀਪ ਮਾਣਕ ਦੀਆਂ ਕਲੀਆਂ ਵੀ ਇਸੇ ਮਸ਼ੀਨ ਤੇ ਸੁਣੀਆਂ। ਲਿਖਣ ਵਾਲੇ ਹਰਦੇਵ ਦਿਲਗੀਰ ਨੂੰ ਮਿਲਣ ਲਈ ਸੁਰਜੀਤ ਪਾਤਰ ਜੀ ਨਾਲ ਇੱਥੋਂ ਹੀ ਥਰੀਕੇ ਪਿੰਡ ਗਏ ਸਾਂ। ਦੇਵ ਤਾਂ ਨਾ ਮਿਲਿਆ ਪਰ ਉਸ ਦੀ ਜੀਵਨ ਸਾਥਣ ਪ੍ਰੀਤਮ ਕੌਰ ਪ੍ਰੀਤੋ ਨੇ ਦੇਵ ਦੇ ਰਿਕਾਰਡ ਪੇਟੀ ਚੋਂ ਕੱਢ ਕੇ ਸਾਨੂੰ ਵਿਖਾਏ। ਮੈਨੂੰ ਸਕੂਟਰ ਦਾ ਨੰਬਰ ਵੀ ਚੇਤੇ ਹੈ ਪੀ. ਯੂ .ਐੱਲ.4130 ਸੀ ਇਸ ਅੰਦਾਜ਼ ਨਾਲ ਅੱਖਰ ਲਿਖੇ ਹੁੰਦੇ ਸਨ ਕਿ ਮਗਰੋਂ ਪੜ੍ਹਨ ਵਾਲੇ ਨੂੰ ਪਾਤਰ ਲਿਖਿਆ ਲੱਗਦਾ।

ਸੁਰਜੀਤ ਪਾਤਰ ਨਾਲ ਸੰਬੰਧਿਤ ਯਾਦਾਂ ਦਾ ਲੰਮ ਸਲੰਮਾ ਕਾਫ਼ਲਾ ਹੈ। ਮੈਂ ਲਾਜਪਤ ਰਾਏ ਮੈਮੋਰੀਅਲ ਕਾਲਜ ਜਗਰਾਉਂ ਵਿੱਚ ਨੌਕਰੀ ਆਰੰਭੀ ਤਾਂ ਲੱਗਭੱਗ ਪੰਜ ਕਵੀ ਦਰਬਾਰਾਂ ਚ ਪਾਤਰ ਨੇ ਸ਼ਮੂਲੀਅਤ ਕੀਤੀ। ਮੈਨੂੰ ਵਾਪਸ ਲੁਧਿਆਣੇ ਵਿੱਚ ਲਿਆਉਣ ਲਈ ਸੁਰਜੀਤ ਪਾਤਰ ਦੇ ਇੱਕ ਫ਼ਿਕਰੇ ਦਾ ਬੜਾ ਵੱਡਾ ਯੋਗਦਾਨ ਹੈ। ਨਿੱਕੇ ਸ਼ਹਿਰ ਚ ਨਿੱਕੀ ਹਸਤੀ ਦੀ ਹਉਮੈ ਨੂੰ ਲੋੜੋਂ ਬਹੁਤਾ ਚਾਰਾ ਮਿਲ ਜਾਂਦਾ ਹੈ। ਮੈਂ ਬੇਹੱਦ ਪ੍ਰਸੰਨ ਸਾਂ ਜਗਰਾਉਂ। ਘਰੋਂ ਕਾਲਜ ਬਹੁਤੀ ਵਾਰ ਪੈਦਲ ਤੇ ਜਾਂ ਸਾਈਕਲ ਤੇ ਜਾਣਾ ਬਹੁਤ ਹੀ ਸੁਖਦਾਈ ਅਨੁਭਵ ਸੀ।

ਰਾਹ 'ਚ ਸਲਾਮਾਂ ਹੀ ਸਲਾਮਾ ਕਾਲਜ 'ਚ ਵੀ ਮਾਹੌਲ ਸੁਖਾਵਾਂ ਸੀ, ਇੱਕ ਦੋ ਫਿਰਕੂ ਜ਼ਹਿਰੀਲੇ ਕੀੜਿਆਂ ਨੂੰ ਛੱਡ ਕੇ। ਉਨ੍ਹਾਂ ਨੂੰ ਪੱਗ ਤੇ ਬੰਧੀ ਦਾੜ੍ਹੀ ਚੋਂ ਹੀ ਖਾਲਿਸਤਾਨ ਦਾ ਨਕਸ਼ਾ ਦਿਸੀ ਜਾਂਦਾ ਸੀ। ਇਹ ਕੀੜੇ ਆਪਣੀ ਮੌਤ ਆਪ ਹੀ ਮਰ ਗਏ। ਬੇਅਦਬ ਹੋ ਕੇ। ਅਸੀਂ ਜਿਉਂਦੇ ਅਸੀਂ ਜਾਗਦੇ। ਪੰਜਾਬ ਯੂਨੀਵਰਸਿਟੀ ਵਿੱਚ ਸੰਪਾਦਕ (ਪੰਜਾਲੀ) ਦੀ ਨੌਕਰੀ ਖਾਲੀ ਹੋਈ ਤਾਂ ਮੇਰੇ ਮਿੱਤਰ ਪ੍ਰਿਤਪਾਲ ਸਿੰਘ ਸਟੈਨੋ ਨੇ ਅਰਜ਼ੀ ਫਾਰਮ ਲਿਆ ਦਿੱਤਾ। ਭਰ ਲਿਆ। ਮੇਰੀ ਮੈਟ੍ਰਿਕ ਠੀਕ ਠਾਕ ਸੀ, ਲਿਖਣ ਪੜ੍ਹਨ ਦਾ ਰੀਕਾਰਡ ਵੀ ਚੰਗਾ ਸੀ। ਸ਼ੀਸ਼ਾ ਝੂਠ ਬੋਲਦਾ ਹੈ ਪੁਸਤਕ ਵੀ ਛੱਪ ਚੁੱਕੀ ਸੀ। ਇੰਟਰਵਿਊ ਚ ਚੋਣਕਾਰਾਂ ਨੂੰ ਜੱਚ ਗਿਆ ਮੈਂ, ਤੇ ਚੁਣਿਆ ਗਿਆ। ਨੌਕਰੀ ਤੇ ਹਾਜ਼ਰੀ ਭਰਨ ਲਈ ਚਿੱਠੀ ਆ ਗਈ। ਮੇਰੀ ਜੀਵਨ ਸਾਥਣ ਪ੍ਰੋਫੈਸਰ ਨਿਰਪਜੀਤ ਕੌਰ ਦੁਜਿੱਤੀ ' ਚ ਪੈ ਗਈ ਉਹ ਰਾਏਕੋਟ ਕਾਲਜ ਚ ਪੜ੍ਹਾਉਂਦੀ ਸੀ। ਬੇਟਾ ਪੁਨੀਤ ਨਿੱਕਾ ਸੀ। ਉਹ ਕਹੇ ਕਿ ਨਿੱਕੇ ਸ਼ਹਿਰ 'ਚ ਮਸੀਹ ਪਛਾਣ ਬਣੀ ਹੈ। ਲੁਧਿਆਣਾ ਸਮੁੰਦਰ ਹੈ , ਰੁਲ ਜਾਵਾਂਗੇ। ਮੇਰੇ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਨੇ ਵੀ ਉਸ ਦੀ ਹਾਮੀ ਭਰੀ। ਮੈਂ ਸੋਚਿਆ ਕਿ ਬੇਟੇ ਲਈ ਪੜ੍ਹਨ ਲਈ ਜਗਰਾਉਂ 'ਚ ਯੋਗ ਪ੍ਰਬੰਧ ਨਹੀਂ ਹੈ , ਲੁਧਿਆਣਾ ਫਿਰ ਵੀ ਵੱਡਾ ਹੈ। ਇਨ੍ਹਾਂ ਦਿਨਾਂ ਚ ਹੀ ਪ੍ਰਿੰਸੀਪਲ ਬਜਾਜ ਜੀ ਨੇ ਆਪਣਾ ਅਗਰ ਨਗਰ ਵਾਲਾ ਪਲਾਂਟ ਵੇਖਣ ਜਾਣਾ ਸੀ। ਅਸੀਂ ਦੋਵੇਂ ਜਗਰਾਉਂ ਤੋਂ ਲੁਧਿਆਣਾ ਆ ਉਤਰੇ। ਸਬੱਸ ਨਾਲ ਪਾਤਰ ਨਾਲ ਮੁਲਾਕਾਤ ਹੋ ਗਈ। ਉਸ ਵਧਾਈ ਦਿੱਤੀ ਚੋਣ ਦੀ ਪੁੱਛਿਆ ਕਿ ਕਦੋਂ ਹਾਜ਼ਰ ਹੋ ਰਿਹੈ ? ਬਜਾਜ ਸਾਹ ਬੋਲੇ ਪਾਤਰ ਜੀ ਤੁਸੀਂ ਹੀ ਸਮਝਾਓ ! ਟੀਚਿੰਗ ਦੀ ਨੌਕਰੀ ਛੱਡ ਕੇ ਨੌਂ ਤੋਂ ਪੰਜ ਵਜੇ ਵਾਲੀ ਨਾਨ ਟੀਚਿੰਗ ਪੋਸਟ ਤੇ ਆਉਣ ਨੂੰ ਫਿਰਦਾ ਐ ਪਾਤਰ ਬੋਲਿਆ, ਬਜਾਜ ਸਾਹਿਬ! ਉਸੇ ਭਾਈ ਵੀਰ ਦੀ ਕਵਿਤਾ ਦੇ ਹਰ ਸਾਲ ਉਹੀ ਅਰਥ ਕਹੀ ਜਾਣ ਨੂੰ ਤੁਸੀ ਟੀਚਿੰਗ ਰਹਿੰਦੇ ਹੋ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਾਲੀ ਨੌਕਰੀ ਵੀ ਟੀਚਿੰਗ ਦੀ ਹੀ ਹੈ। ਬਜਾਜ ਸਾਹਿਬ ਨੇ ਪਾਤਰ ਦੇ ਫ਼ਿਕਰੇ ਅੱਗੇ ਹਥਿਆਰ ਸੁੱਟ ਦਿੱਤੇ। ਅਗਲਪੇ ਦਿਨ ਮੈਂ ਜਗਰਾਉਂ ਕਾਲਿਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਕੁਝ ਦਿਨਾਂ ਬਾਦ ਏਥੇ ਆ ਗਿਆ।

ਮੇਰਾ ਪੁੱਤਰ ਪੁਨੀਤ ਤੇ ਸੁਰਜੀਤ ਪਾਤਰ ਦਾ ਬੇਟਾ ਅੰਕੁਰ ਪਾਤਰ ਪਹਿਲੀ ਕੱਚੀ ਜਮਾਤ ਤੋਂ ਦਸਵੀਂ ਜਮਾਤ ਤੀਕ ਇੱਕਠੇ ਪੜ੍ਹੇ ਹਨ। ਹੁਣ ਤੀਕ ਇਕ ਜਿੰਦ ਇਕ ਜਾਨ ਹਨ। ਮੇਰੇ ਤੇ ਸੁਰਜੀਤ ਪਾਤਰ ਦੇ ਰਿਸ਼ਤਿਆਂ ਦੇ ਮੌਸਮ ਬਦਲਦੇ ਰਹਿੰਦੇ ਨੇ ਪਰ ਸੇਜ ਨਹੀਂ ਬਦਲਦੀ। ਮੈਂ ਜੋ ਕੁਝ ਵੀ ਹਾਂ, ਉਸ ਵਿੱਚੋਂ ਅੱਧਿਓ ਬਹੁਤਾ ਸੁਰਜੀਤ ਪਾਤਰ ਦਾ ਸਮਕਾਲੀ ਹੋਣ ਸਕਦਾ ਹਾ।

2002 'ਚ ਪੰਜਾਬੀ ਸਾਹਿਤ ਅਕਾਡਮੀ ਚੋਣਾਂ 'ਚ ਅਸੀਂ ਦੋਵੇ ਅਲੱਗ ਅਲੱਗ ਕੈਂਪ ਸਾਂ। ਡਾ. ਪ੍ਰਮਿੰਦਰ ਸਿੰਘ, ਡਾ. ਸ.ਸ. ਜੌਹਲ ਤੇ ਸ. ਅਮਰੀਕ ਸਿੰਗ ਪੂਨੀ ਨੇ ਸ. ਕਰਤਾਰ ਸਿੰਘ ਦੁੱਗਲ ਨੂੰ ਪ੍ਰਧਾਨਗੀ ਲਈ ਮਨਾ ਲਿਆ। ਉਨ੍ਹਾਂ ਮੇਰੀ ਸਹਿਮਤੀ ਲੈ ਲਈ ਕਿਉਂਕਿ ਮੈਂ ਪੂਨੀ ਸਾਹਿਬ ਨਾਲ ਛੇ ਸਾਲ ਲਗਾਤਾਰ ਮੀਤ ਪ੍ਰਧਾਨ ਰਿਹਾ ਸਾਂ। ਸਤਿੰਦਰ ਸਿੰਘ ਨੂਰ , ਸੁਰਜੀਤ ਪਾਤਰ ਤੇ ਬਾਕੀ ਦੋਸਤਾਂ ਨੂੰ ਇਹ ਜਿਆਦਤੀ ਜਾਪੀ ਕਿ ਥੋੜੇ ਜਿਹੇ ਸਿਰ ਜੋੜ ਕੇ ਅਜਿਹਾ ਫੈਸਲਾ ਨਹੀ ਹੋਣਾ ਚਾਹੀਦਾ ਸੁਰਜੀਤ ਪਾਤਰ ਪ੍ਰਧਾਨਗੀ ਮੈਦਾਨ 'ਚ ਆ ਗਏ। ਕਰਤਾਰ ਸਿੰਘ ਦੁੱਗਲ ਨੇ ਪਹਿਲਾ ਹੀ ਕਹਿ ਰੱਖਿਆ ਸੀ ਕਿ ਮੈਂ ਸਿਰਫ਼ ਸਰਬਸੰਮਤੀ ਪ੍ਰਵਾਨ ਕਰਾਂਗਾ ਚੋਣ ਨਹੀਂ। ਇਕ ਹੋਰ ਪ੍ਰਧਾਨਗੀ ਉਮੀਦਵਾਰ ਡਾ. ਦੀਪਕ ਮਨਮੋਹਨ ਸਿੰਘ ਸਨ। ਮੈਂ ਸੀਨੀ. ਮੀਤ ਪ੍ਰਧਾਨ ਦੀ ਚੋਣ ਲੜਨੀ ਸੀ। ਪ੍ਰੋ. ਰਵਿੰਦਰ ਭੱਠਲ ਨੇ ਜਰਨਲ ਸਕੱਤਰ ਦੀ। ਸਾਡੇ ਗੁੱਟ ਨੇ ਡਾ. ਦੀਪਕ ਨੂੰ ਅਪਣਾਇਆ। ਦੋਹੀਂ ਦਲੀ ਮੁਕਾਬਲਾ ਖੂਬ ਭਖਿਆ। ਸੱਜਣਾਂ ਪਿਆਰਿਆਂ ਨੇ ਨਾ ਪਾਤਰ ਨੂੰ ਹਾਰਨ ਦਿੱਤਾ ਤੇ ਨਾ ਮੈਨੂੰ। ਪਾਤਰ ਨੇ ਦੀਪਕ ਹਰਾ ਦਿੱਤਾ ਤੇ ਮੈਂ ਜਗਜੀਤ ਸਿੰਘ ਆਨੰਦ ਸਾਬਕਾ ਐਮ.ਪੀ.। ਅਗਲੀ ਵਾਰ ਫਿਰ ਸਿੰਗ ਫਸ ਗਏ। ਡਾ. ਸੁਤਿੰਦਰ ਸਿੰਘ ਨੂਰ ਪ੍ਰਧਾਨਗੀ ਚੋਣ 'ਚ ਆ ਗਏ। ਅਮਰਜੀਤ ਗਰੇਵਾਲ , ਜਸਵੰਤ ਕਫ਼ਰ, ਸਵਰਨਜੀਤ ਸਈ ਤੇ ਅਨੇਕਾਂ ਮਿੱਤਰ ਨੂਰ ਸਾਹਿਬ ਨਾਲ ਸਨ।

ਸੁਰਜੀਤ ਪਾਤਰ ਦੇ ਪੈਨਲ 'ਚ ਮੇਰੇ ਮੁਕਾਬਲੇ ਲਈ ਡਾ. ਬਿਕਰਮ ਸਿੰਘ ਘੁੰਮਣ ਆ ਗਏ। ਫਿਰ ਉਹੀ ਕੰਮ ਹੋਇਆ। ਨਾ ਮੈਂ ਹਾਰਿਆ ਤੇ ਨਾ ਸੁਰਜੀਤ ਪਾਤਰ। ਚਰਚਾ ਤੇਜ ਹੋਈ ਕਿ ਇਹ ਦੋਵੇਂ ਅੰਦਰੋਂ ਰਲ਼ੇ ਹੋਏ ਹਨ।

ਗਲ ਗਲਤ ਵੀ ਨਹੀਂ ਸੀ, ਚੋਣਾਂ ਤੋਂ ਬਾਦ ਅਸੀਂ ਫੇਰ ਘਿਉ ਖਿਚੜੀ ਹੋ ਜਾਂਦੇ ਸਾਂ। ਇਸ ਵਾਰ ਚੰਡੀਗੜ੍ਹ ਕੌਫ਼ੀ ਹਾਊਸ ਵਿੱਚ ਮੋਹਨ ਭੰਡਾਰੀ ਤੇ ਸ. ਜਸਬੀਰ ਸਿੰਘ ਸੰਗਰੂਰ ਸਾਬਕਾ ਮੰਤਰੀ ਨੂੰ ਮੇਰਾ ਪੁੱਤਰ ਪੁਨੀਤ ਮਿਲ ਪਿਆ। ਉਹ ਉਦੋਂ ਟ੍ਰਿਬਿਊਨ ਅਖ਼ਬਾਰ 'ਚ ਟਰੇਨਿੰਗ ਕਰਦਾ ਸੀ। ਉਸ ਨਾਲ ਸੁਰਜੀਤ ਪਾਤਰ ਦਾ ਬੇਟਾ ਅੰਕੁਰ ਪਾਤਰ ਵੀ ਸੀ। ਪੁਨੀਤ ਨੇ ਮੋਹਨ ਭੰਡਾਰੀ ਨਾਲ ਅੰਕੁਰ ਨੂੰ ਮਿਲਿਆ ਤੇ ਦੱਸਿਆ ਕਿ ਇਹ ਪਾਤਰ ਅੰਕਲ ਦਾ ਬੇਟਾ ਹੈ। ਭੰਡਾਰੀ ਬੋਲਿਆ! ਓਏ ਮੁੰਡਿਓ !ਆਪਣੇ ਆਪਣੇ ਪਿਓ ਨੂੰ ਸਮਝਾਓ! ਉਹ ਦੋ ਸਾਲੀ ਸਿੰਗ ਫਸਾ ਲੈਂਦੇ ਨੇ ਤੇ ਤੁਸੀ ਇਕੱਠੇ ਤੁਰੇ ਫਿਰਦੇ ਹੋ। ਮੇਰੀ ਅਰਦਾਸ ਹੈ। ਇਹ ਧੜੇਬੰਦੀ ਦਾ ਜ਼ਹਿਰ ਸਾਡੇ ਟੱਬਰ ਨੂੰ ਮਹੁਰੀਵਾਂਗ ਨਾ ਲੱਗੇ।

**ਪ੍ਰੋ. ਗੁਰਭਜਨ ਸਿੰਘ ਗਿੱਲ**
**ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

# ਗੁੰਦਿਆ ਪਰਾਂਦਾ ਰੀਝਾਂ ਨਾਲ ਵੇ...





ਡਾ.ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਬਣ ਠਣ ਕੇ ਰਹਿਣ, ਸੱਜ ਸੰਵਰ ਕੇ ਵਿਚਰਨ ਤੇ ਹਾਰ ਸ਼ਿੰਗਾਰ ਕਰਨ ਨੂੰ ਪੰਜਾਬਣ ਦੀ ਦਿਲੀ ਰੀਝ ਕਹਿ ਲਿਆ ਜਾਂਦਾ ਹੈ।ਹਾਰ ਸ਼ਿੰਗਾਰ ਕਰਨਾ ਉਹ ਉਦੋਂ ਤੋਂ ਸਿੱਖ ਜਾਂਦੀ ਹੈ ਜਦੋਂ ਬਚਪਨ ਵਿੱਚ ਉਹ ਘਰ ਵਿੱਚ ਕੁੜੀਆਂ/ਔਰਤਾਂ ਨੂੰ ਹਾਰ ਸ਼ਿੰਗਾਰ ਕਰਦਿਆਂ ਵੇਖਦੀ ਹੈ ਜਾਂ ਗੁੱਡੇ ਗੁੱਡੀ ਦੇ ਵਿਆਹ ਦੀ ਖੇਡ ਖੇਡਦਿਆਂ ਉਹ ਖਿਡਾਉਣਿਆਂ ਦਾ ਹਾਰ ਸ਼ਿੰਗਾਰ ਕਰ ਰਹੀ ਹੁੰਦੀ ਹੈ। ਉਹ ਆਪਣੇ ਵਾਲਾਂ ਦਾ ਸ਼ਿੰਗਾਰ ਕਰਨਾ ਵੀ ਬਚਪਨ ਵਿੱਚ ਹੀ ਸਿੱਖ ਜਾਂਦੀ ਹੈ।ਸੰਘਣੇ, ਮੁਲਾਇਮ ਤੇ ਲੰਮੇ ਵਾਲ ਉਸਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ।ਵਾਲਾਂ ਦੀ ਸਾਂਭ ਸੰਭਾਲ ਕਰਨ, ਵਾਲ ਵਾਹ ਕੇ ਗੁੱਤ ਕਰਨ ਤੇ ਗੁੱਤ ਵਿੱਚ ਕਾਲਾ ਜਾਂ ਰੰਗਦਾਰ ਪਰਾਂਦਾ ਸਜਾਉਣ ਦਾ ਉਸਦਾ ਸ਼ੌਕ ਬਹੁਤ ਪੁਰਾਣਾ ਹੈ।ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ – " ਪਰਾਂਦਾ ਪਰਿਬੰਧਨ ਜਾਂ ਇਸਤ੍ਰੀਆਂ ਦੇ ਕੇਸ਼ ਬੰਨ੍ਹਣ ਦਾ ਡੋਰਾ " ਹੁੰਦਾ ਹੈ(ਗੁਰ ਸ਼ਬਦ ਰਤਨਾਕਰ ਮਹਾਨਕੋਸ਼ – ਪੰਨਾਂ – 2640 )। ਪਰਾਂਦਾ ਵੱਖ ਵੱਖ ਰੰਗਾਂ ਦੇ ਰੇਸ਼ਮੀ ਜਾਂ ਸੂਤੀ ਧਾਗੇ ਨਾਲ ਬੁਣਿਆ ਜਾਂਦਾ ਹੈ।ਪਰਾਂਦੇ ਨੂੰ ਵਾਲਾਂ ਨੂੰ ਸ਼ਿੰਗਾਰਨ ਵਾਲੀ ,ਖ਼ੂਬਸੂਰਤ ਜੜਤ ਵਾਲੀ ਡੋਰੀ ਵੀ ਕਹਿ ਲਿਆ ਜਾਂਦਾ ਹੈ।ਲਾਲ ਤੇ ਗੁਲਾਬੀ ਰੰਗ ਦਾ ਪਰਾਂਦਾ ਮੁਟਿਆਰਾਂ ਦਾ ਮਨਭਾਉਂਦਾ ਪਰਾਂਦਾ ਸਮਝਿਆ ਜਾਂਦਾ ਹੈ।ਪਰਾਂਦੇ ਦੀ ਸੁੰਦਰਤਾ ਵਿੱਚ ਵਾਧਾ ਕਰਨ ਲਈ ਉਸਨੂੰ ਛੋਟੇ ਛੋਟੇ ਸ਼ੀਸ਼ਿਆਂ ,ਮੋਤੀਆਂ, ਮਣਕਿਆਂ, ਬਾਰੀਕ ਘੁੰਗਰੂਆਂ,ਝਾਲਰਾਂ,ਮੋਤੀਆਂ ਦੀਆਂ ਲੜੀਆਂ, ਚਮਕੀਲੇ ਸਿਤਾਰਿਆਂ ਆਦਿ ਨਾਲ ਬੁਣਿਆ /ਸ਼ਿੰਗਾਰਿਆ ਜਾਂਦਾ ਹੈ।ਹਰੇਕ ਸਮੇਂ ਦੇ ਨਵੇਂ ਨਵੇਲੇ ਫੈਸ਼ਨ ਦੇ ਚਲਨ ਅਨੁਸਾਰ ਕਾਲੇ, ਗੁਲਾਬੀ ਤੇ ਲਾਲ ਰੰਗ ਦੇ ਪਰਾਂਦੇ ਦਾ ਵਿਸ਼ੇਸ਼ ਮਹੱਤਵ ਬਣਿਆ ਆ ਰਿਹਾ ਹੈ।ਪੰਜਾਬ ਵਿੱਚ ਪਟਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਕਈ ਹੋਰ ਸ਼ਹਿਰਾਂ ਵਿੱਚ ਬਣੇ ਪਰਾਂਦਿਆਂ ਨੂੰ ਕੁੜੀਆਂ ਬੇਹੱਦ ਪਸੰਦ ਕਰਦੀਆਂ ਹਨ :

**ਕਾਲੇ ਰੰਗ ਦਾ ਪਰਾਂਦਾ ਪਟਿਆਲਿਓਂ ਲਿਆਂਦਾ**
**ਉਹਦੀ ਖੁਲ੍ਹਦੀ ਡੋਰ ਨੂੰ ਬੁਣ ਭਾਬੀਏ**
**ਮੇਰੀਆਂ ਝਾਂਜਰਾਂ ਦਾ ਸ਼ੋਰ ਗੁਲ ਸੁਣ ਭਾਬੀਏ...**

ਵਿਆਹ ਦੇ ਅਵਸਰ 'ਤੇ,ਹੋਰ ਸਮਾਜਿਕ / ਸਭਿਆਚਾਰਕ ਸਮਾਗਮਾਂ ਦੇ ਮੌਕੇ 'ਤੇ ਜਾਂ ਕਿਸੇ ਦਿਨ – ਦਿਹਾਰ 'ਤੇ ਮੁਟਿਆਰਾਂ ਪਰਾਂਦੇ ਨੂੰ ਬੜੇ ਸ਼ੌਕ ਨਾਲ ਗੁੱਤ ਵਿੱਚ ਸਜਾਉਂਦੀਆਂ ਹਨ।ਪੰਜਾਬੀ ਵਿੱਚ ਰਚੇ ਲੋਕ ਪ੍ਰਿਯ ਕਾਵਿ ਅਤੇ ਪੰਜਾਬੀ ਲੋਕ ਕਾਵਿ ਵਿੱਚ ਪਰਾਂਦੇ ਦਾ ਜ਼ਿਕਰ ਬਹੁਤ ਥਾਈਂ ਹੋਇਆ ਹੈ। ਕਈ ਗੀਤਾਂ ਨੇ ਇਸ ਹੱਦ ਤੱਕ ਲੋਕ ਮਕਬੂਲੀਅਤ ਹਾਸਲ ਕੀਤੀ ਹੈ ਕਿ ਉਹ ਦਰਸ਼ਕਾਂ/ਸਰੋਤਿਆਂ ਦੇ ਮਨਾਂ ਦੇ ਬੇਹੱਦ ਕਰੀਬ ਰਹੇ ਹਨ। ' ਕਾਲੇ ਰੰਗ ਦਾ ਪਰਾਂਦਾ, ਮੇਰੇ ਸੱਜਣਾਂ ਲਿਆਂਦਾ, ਨੀ ਮੈਂ ਚੁੰਮ ਚੁੰਮ ਰੱਖਦੀ ਫਿਰਾਂ...' , ' ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ...' , 'ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਏ...' ਆਦਿ ਗੀਤਾਂ ਵਿੱਚ ਪਰਾਂਦੇ ਦਾ ਜਸ ਗਾਇਨ ਕੀਤਾ ਗਿਆ ਹੈ।ਪੰਜਾਬੀ ਲੋਕ ਗੀਤਾਂ ਵਿੱਚ ਪਰਾਂਦੇ ਦੀ ਵਿਭਿੰਨ ਪਹਿਲੂਆਂ ਤੋਂ ਮਹਿਮਾ ਗਾਈ ਗਈ ਮਿਲਦੀ ਹੈ :

**o ਬੋਲੀ ਪਾ ਕੇ ਜਦੋਂ ਮੈਂ ਗਿੱਧੇ ਵਿੱਚ ਦਿੱਤਾ ਗੇੜਾ**
**ਅੱਡੀ ਦੀ ਧਮਕ ਨਾਲ ਮੈਂ ਹਿਲਾ 'ਤਾ ਵਿਹੜਾ**
**ਮੇਰੇ ਗੋਰੇ ਪੈਰਾਂ ਵਿੱਚ ਨੱਚਦਾ ਭੂਚਾਲ ਵੇ**
**ਨਹੀਂ ਖੁੱਲ੍ਹਦਾ ਗੱਭਰੂਆ**
**ਗੁੰਦਿਆ ਪਰਾਂਦਾ ਰੀਝਾਂ ਨਾਲ ਵੇ...**

o ਘੁੰਗਰੀਆਂ ਪਰਾਂਦੇ ਨੂੰ, ਘੁੰਗਰੀਆਂ ਪਰਾਂਦੇ ਨੂੰ
**ਆਖ ਰਹੀ ਮੈਂ ਜਾਂਦੇ ਨੂੰ**
**ਕਹਿ ਜਾਈਂ ਵੇ ਲਲਾਰੀ ਨੂੰ**
**ਦੇਹ ਡੋਬਾ ,ਦੇਹ ਡੋਬਾ , ਫੁਲਕਾਰੀ ਨੂੰ...**

ਸਮਾਜ ਦੇ ਕਈ ਵਰਗਾਂ ਵਿੱਚ ਅਕਸਰ ਕੁੜੀ ਦੇ ਵਿਆਹ ਵੇਲੇ ਡੋਲੀ ਤੋਰਨ ਤੋਂ ਪਹਿਲਾਂ ਉਸਦਾ ਸਿਰ ਗੁੰਦਣ ਦੀ ਰਸਮ ਹੁੰਦੀ ਸੀ।ਕੁੜੀ ਦੀਆਂ ਸਹੇਲੀਆਂ ਤੇ ਰਿਸ਼ਤੇਦਾਰ ਕੁੜੀਆਂ ਵਿਸ਼ੇਸ਼ ਤੌਰ 'ਤੇ ਬਣਾਇਆ ਜਾਂ ਖਰੀਦ ਕੇ ਲਿਆਂਦਾ ਪਰਾਂਦਾ ਗੁੰਦ ਕੇ ਉਸਦੀ ਗੁੱਤ ਵਿੱਚ ਸਜਾਉਂਦੀਆਂ ਸਨ।ਨਵੀਂ ਵਿਆਹੀ ਨੂੰ ਉਸਦਾ ਪਤੀ ਵੀ ਤੋਹਫੇ ਵਜੋਂ ਪਰਾਂਦਾ ਭੇਂਟ ਕਰਦਾ ਸੀ।ਉਸ ਸਮੇਂ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ ਰਹਿੰਦੀ।ਫਿਰ ਜਦੋਂ ਉਸਨੇ ਗੁੱਤ ਕਰਨੀ ਹੁੰਦੀ ਸੀ,ਉਸ ਪਰਾਂਦੇ ਨੂੰ ਉਹ ਅਗੰਮੀ ਚਾਅ ਨਾਲ ਆਪਣੀ ਗੁੱਤ ਵਿੱਚ ਸਜਾਉਂਦੀ ਸੀ। ਪਰਾਂਦਾ ਸ਼ਗਨ ਦੇ ਰੂਪ ਵਿੱਚ ਵੀ ਕੁੜੀਆਂ ਨੂੰ ਭੇਜਿਆ ਜਾਂਦਾ ਰਿਹਾ ਹੈ। ਕੁੜੀ ਆਪਣੇ ਪਤੀ ਬਾਰੇ ਤੇ ਪਰਾਂਦੇ ਬਾਰੇ ਕੁਝ ਅਜਿਹੇ ਬੋਲ ਉਚਾਰਦੀ ਹੈ :

**ਉਹਦੇ ਨਾਲ ਜਚਦੀ ਹਾਂ ਮੈਂ**
**ਤੇ ਮੇਰੇ ਨਾਲ ਉਹ ਜਚਦਾ**
**ਮਾਹੀ ਨਾਲ ਨੱਚਦੀ ਹਾਂ ਮੈਂ**
**ਤੇ ਗੁੱਤ ਨਾ' ਪਰਾਂਦਾ ਨੱਚਦਾ...**

ਗੁੱਤ ਵਿੱਚ ਗੁੰਦਿਆ ਪਰਾਂਦਾ ਉਸਦੀ ਖ਼ੂਬਸੂਰਤੀ ਵਿੱਚ ਵਾਧਾ ਕਰਨ ਵਿੱਚ ਸਹਾਈ ਹੁੰਦਾ ਹੈ।ਇਕ ਰੰਗੇ ਜਾਂ ਬਹੁ ਰੰਗੇ ਧਾਗਿਆਂ ਦੀਆਂ ਲੜੀਆਂ ਨੂੰ ਡਾਹਢੀ ਜੁਗਤੀ ਨਾਲ ਔਰਤਾਂ ਜਦੋਂ ਖ਼ੂਬਸੂਰਤ ਪਰਾਂਦੇ ਦੇ ਰੂਪ ਵਿੱਚ ਢਾਲਦੀਆਂ ਸਨ ਤਾਂ ਉਹ ਪਰਾਂਦਾ ਉਨ੍ਹਾਂ ਦੀ ਹਸਤ ਕਲਾ ਦਾ ਵਧੀਆ ਤੇ ਵੇਖਣਯੋਗ ਨਮੂਨਾ ਬਣ ਜਾਂਦਾ ਸੀ।ਗੁੱਤ ਨੂੰ ਵੱਖ ਵੱਖ ਰੰਗਾਂ ਤੇ ਡੀਜ਼ਾਈਨਾਂ ਨਾਲ ਬਣਾਏ ਪਰਾਂਦੇ ਨਾਲ ਸ਼ਿੰਗਾਰਨਾਂ ਆਪਣੀ ਮਿਸਾਲ ਆਪ ਹੁੰਦਾ ਸੀ। ਗੁੱਤ ਅਤੇ ਪਰਾਂਦੇ ਦਾ ਆਪਸ ਵਿੱਚ ਬਹੁਤ ਨੇੜਲਾ ਸਬੰਧ ਹੁੰਦਾ ਹੈ।ਅਸਲ ਵਿੱਚ ਗੁੱਤ ਤੇ ਪਰਾਂਦਾ ਇਕ ਦੂਜੇ ਦੇ ਪੂਰਕ ਹਨ।

**ਤੇਰੀ ਗੁੱਤ ਦਾ ਪਰਾਂਦਾ ਭੁੰਜੇ ਡਿੱਗਿਆ**
**ਨੀ ਉਹ ਸੱਪ ਵਾਂਗੂੰ ਵਲ਼ ਪਿਆ ਖਾਂਵਦਾ**
**ਮੇਰੇ ਹੱਥ ਚੁੱਕ ਕੇ ਫੜਾ ਦੇ ਵੇ**
**ਤੈਨੂੰ ਕਿਹੜੀ ਗੱਲੋਂ ਡਰ ਆਂਵਦਾ...**

ਭੰਗੜੇ ਤੇ ਗਿੱਧੇ ਦਾ ਨਾਚ ਨੱਚਣ ਵਾਲੇ ਮੁੰਡੇ ਕੁੜੀਆਂ ਸਬੰਧਤ ਨਾਚ ਦੀ ਲੋੜ ਤੇ ਸੁਭਾਅ ਅਨੁਸਾਰ ਵਿਸ਼ੇਸ਼ ਤੌਰ 'ਤੇ ਬਣਾਏ ਗਏ ਵਸਤਰਾਂ ਦਾ ਪ੍ਰਯੋਗ ਕਰਨ ਸਮੇਂ ,ਉਨ੍ਹਾਂ ਨੂੰ ਸ਼ਿੰਗਾਰਨ ਵੇਲੇ ਉਨ੍ਹਾਂ ਉੱਤੇ ਪਰਾਂਦੇ ਵੀ ਬੰਨ੍ਹਦੇ/ਸਜਾਉਂਦੇ ਹਨ। ਪਰਾਂਦਿਆਂ ਨਾਲ ਅਲਗੋਜ਼ੇ, ਤੂੰਬੀ ,ਢੋਲ ਆਦਿ ਜਿਹੇ ਲੋਕ ਸਾਜ਼ਾਂ ਦਾ ਸ਼ਿੰਗਾਰ ਵੀ ਕੀਤਾ ਜਾਂਦਾ ਹੈ।

ਸਮੇਂ ਦੇ ਬਦਲਣ ਨਾਲ ਪਹਿਰਾਵੇ ਵਿੱਚ ਬਹੁਤ ਵੱਡੇ ਪੱਧਰ 'ਤੇ ਪਰਿਵਰਤਨ ਆਇਆ ਹੈ।ਮੰਡੀ ਸਭਿਆਚਾਰ ਵਿੱਚ ਹਾਰ ਸ਼ਿੰਗਾਰ ਕਰਨ ਤੇ ਸੱਜ – ਸੰਵਰ ਕੇ ਰਹਿਣ ਦੇ ਅਨੇਕ ਨਵੇਂ ਢੰਗ ਤਰੀਕੇ ਤੇ ਉਪਕਰਣ ਉਪਲਬਧ ਹਨ।ਹੁਣ ਪਰਾਂਦਾ ਵਿਆਹ ਸਮਾਗਮਾਂ 'ਤੇ ਜਾਂ ਵਿਸ਼ੇਸ਼ ਉਤਸਵਾਂ 'ਤੇ ਹੀ ਗੁੱਤ ਵਿੱਚ ਸਜਾਇਆ ਜਾਂਦਾ ਹੈ।ਬਹੁਤੀਆਂ ਹਾਲਤਾਂ ਵਿੱਚ ਹੁਣ ਪਰਾਂਦੇ ਪੁਰਾਣੀਆਂ ਅਲਮਾਰੀਆਂ ,ਟਰੰਕਾਂ ਵਿੱਚ ਰੱਖੇ ਹੋਏ ਜਾਂ ਹਨੇਰੇ ਕਮਰਿਆਂ ਵਿੱਚ ਕਿੱਲੀਆਂ ਨਾਲ ਟੰਗੇ ਹੋਏ ਮਿਲਣਗੇ। ਕਿਧਰੇ ਕਿਧਰੇ ਹਾਰ ਸ਼ਿੰਗਾਰ ਦੀਆਂ ਪੁਰਾਣੀਆਂ ਵਸਤਾਂ ਨੂੰ ਸਾਂਭ ਸੰਭਾਲ ਕੇ ਰੱਖੀ ਬੈਠੀਆਂ ਬਜ਼ੁਰਗ ਔਰਤਾਂ ਕੋਲੋਂ ਅਜੇ ਵੀ ਪੁਰਾਣੇ ਪਰਾਂਦਿਆਂ ਦੇ ਨਮੂਨੇ ਵੇਖੇ ਜਾ ਸਕਦੇ ਹਨ। ਹੱਥਾਂ ਨਾਲ ਬਣਾਏ ਪਰਾਂਦਿਆਂ ਦੀ ਥਾਂ ਹੁਣ ਮਸ਼ੀਨਾਂ ਨਾਲ ਬਣਾਏ ਜਾਂਦੇ ਪਰਾਂਦਿਆਂ ਨੇ ਲੈ ਲਈ ਹੈ। ਮਸ਼ੀਨਾਂ ਨਾਲ ਬਣਾਏ ਜਾਂਦੇ ਪਰਾਂਦਿਆਂ ਦੇ ਰੰਗ ਰੂਪ ,ਵੰਨਗੀਆਂ, ਸਫਾਈ, ਸਜਾਵਟ, ਫੱਬਤ ਵਿੱਚ ਜਿੱਥੇ ਬਾਕਮਾਲ ਵਾਧਾ ਹੋਇਆ ਹੈ ,ਉਥੇ ਉਹ ਮਨਮੋਹਕ ਵੀ ਬਣ ਗਏ ਹਨ। ਇੰਜ, ਪਰਾਂਦੇ ਬਣਾਉਣ ਦੀ ਕਲਾ ਦੀ ਪੱਧਰ ਵਿੱਚ ਨਿਸਚੇ ਹੀ ਵਿਸਥਾਰ ਹੋਇਆ ਹੈ।

# ਅੰਦੋਲਨਜੀਵੀ ਨਹੀਂ ਘੁਮੰਡਜੀਵੀ ਹੈ ਨਵੀਂ ਜਮਾਤ

ਪਿਛਲੇ ਦਿਨੀਂ ਬਜਟ ਸੈਸਨ ਵਿੱਚ ਰਾਸਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਦੇ ਭਾਸਣ ਦੇ ਧੰਨਵਾਦ ਮਤੇ ਤੇ ਬੋਲਦਿਆਂ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਘਰਸਸੀਲ ਲੋਕਾਂ ਨੂੰ ਨਵਾਂ ਨਾਮ 'ਅੰਦੋਲਨਜੀਵੀ' ਦਿੱਤਾ। ਉਨ੍ਹਾਂ ਕਿਹਾ ਕਿ ਦੇਸ ਵਿੱਚ ਇੱਕ ਨਵੀਂ ਜਮਾਤ ਅੰਦੋਲਨਜੀਵੀ ਪੈਦਾ ਹੋ ਗਈ ਹੈ ਜੋ ਪ੍ਰਦਰਸਨ ਕੀਤੇ ਬਿਨਾਂ ਨਹੀਂ ਰਹਿ ਸਕਦੀ। ਉਨ੍ਹਾਂ ਤਿੰਨ ਕਨੂੰਨ ਰੱਦ ਕਰਵਾਉਣ ਲਈ ਲੰਬੇ ਸਮੇਂ ਤੋਂ ਦਿੱਲੀ ਦੀਆਂ ਸੜਕਾਂ ਤੇ ਬੈਠੇ ਜੁਝਾਰੂ ਕਿਸਾਨਾਂ ਲਈ ਇਹ ਗੱਲ ਕਹੀ ਜੋਂ ਕਿ ਇੱਕ ਦੇਸ ਦੇ ਮੁੱਖੀ ਹੋਣ ਦੇ ਨਾਮ ਤੇ ਬਹੁਤ ਹੀ ਸਰਮਨਾਕ ਬਿਆਨ ਹੈ। ਉਹ ਹੱਸ ਹੱਸ ਕੇ ਇਹ ਗੱਲਾਂ ਆਖ ਰਹੇ ਸਨ ਅਤੇ ਉਨ੍ਹਾਂ ਵਿੱਚ ਪੋਹ ਮਾਘ ਦੀ ਠੰਢ ਵਿੱਚ ਸੜਕਾਂ ਤੇ ਰੁਲਦੇ ਅੰਨਦਾਤੇ ਪ੍ਰਤੀ ਕੋਈ ਦਰਦ ਦਿਖਾਈ ਨਹੀਂ ਦੇ ਰਿਹਾ ਸੀ। ਕੀ ਇਹ ਕਿਸਾਨ ਕਿਸੇ ਚਾਅ ਨਾਲ ਇਹ ਅੰਦੋਲਨ ਕਰ ਰਹੇ ਹਨ ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਸ ਬਿਆਨ ਵਿੱਚ ਆਪਣੇ ਨਾਲ ਅਸਹਿਮਤ ਆਵਾਜ਼ਾਂ, ਇਨਸਾਫ਼ ਲਈ ਲੜਨ ਵਾਲੇ ਨਾਗਰਿਕਾਂ, ਅਧਿਕਾਰਾਂ ਅਤੇ ਸਵਿਧਾਨਕ ਸੁਤੰਤਰਤਾ ਦੇ ਲਈ ਲੜਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਦੇ ਬਿਆਨ ਦਾ ਮਤਲਬ ਹੈ ਕਿ ਸਿਰਫ ਮੈਂ ਹੀ ਸਹੀ ਹਾਂ ਮੇਰੇ ਨਾਲ ਅਸਹਿਮਤ ਹੋਣ ਵਾਲੇ ਸਭ ਗ਼ਲਤ ਹਨ। ਉਨ੍ਹਾਂ ਦੀ ਸੋਚ ਦਾ ਇਹ ਤਰੀਕਾ ਤਾਨਾਸ਼ਾਹ ਸੱਤਾ ਦਾ ਸਟੀਕ ਉਧਾਹਰਣ ਹੈ।

ਉਨ੍ਹਾਂ ਨੂੰ ਦੱਸਣਾ ਬਣਦਾ ਹੈ ਕਿ ਅੰਦੋਲਨਜੀਵੀ ਤਾਂ ਦੇਸ ਵਿੱਚ ਹਮੇਸਾ ਤੋਂ ਸਨ ਅਤੇ ਰਹਿਣਗੇ ਪਰ ਹੁਣ ਦੇਸ ਵਿੱਚ ਇੱਕ ਹੋਰ ਨਵੀਂ ਜਮਾਤ ਜਰੂਰ ਪੈਦਾ ਹੋਈ ਹੈ ਜਿਸ ਦਾ ਨਾਮ 'ਘੁਮੰਡਜੀਵੀ' ਹੈ। ਜੋ ਜਨਤਾ ਨੂੰ ਵੱਡੇ–ਵੱਡੇ ਸੁਪਨੇ ਵਿਖਾ ਕੇ ਵੋਟਾਂ ਮੰਗਦੀ ਹੈ ਅਤੇ ਸਤਾ ਵਿੱਚ ਆ ਕੇ ਘੁਮੰਡੀ ਬਣ ਲੋਕ ਮਾਰੂ ਫੈਸਲੇ ਕਰਦੀ ਹੈ ਅਤੇ ਜਨਤਾ ਦੀ ਹਾਲ ਦੁਹਾਈ ਤੇ ਵੀ ਅੱਖਾਂ ਮੀਟ ਕੇ ਬੈਠੀ ਰਹਿੰਦੀ ਹੈ। ਜੇਕਰ ਲੋਕ ਆਪਣੇ ਹੱਕਾਂ ਲਈ ਸੰਘਰਸ ਕਰਦੇ ਹਨ ਤਾਂ ਉਹ ਸੜਕਾਂ ਵਿੱਚ ਟੋਏ ਤੱਕ ਪੁੱਟਵਾ ਦਿੰਦੀ ਹੈ। ਇਹ ਜਮਾਤ ਉਂਝ ਤਾਂ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਅਖਵਾਉਂਦੀ ਹੈ ਪਰ ਤਲਵੇ ਕਾਰਪੋਰੇਟਰਾਂ ਦੇ ਚਟਦੀ ਹੈ ਅਤੇ ਉਨ੍ਹਾਂ ਦੇ ਹੀ ਕਹਿਣੇ ਵਿੱਚ ਚਲਦੀ ਹੈ।

ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਹੁਣ ਤੱਕ ਨਾਮ ਜਾਂ ਨੋਟ ਹੀ ਤਾਂ ਬਦਲੇ ਹਨ ਹੋਰ ਕੀਤਾ ਹੀ ਕੀ ਹੈ। ਧਿਆਨ ਦੇਣ ਯੋਗ ਹੈ ਕਿ ਕਰੋਨਾ ਕਾਲ ਵਿੱਚ ਜਦੋਂ ਸਭ ਕੰਮ ਠੱਪ ਹੋਣ ਕਾਰਨ ਦੇਸ ਦੀ ਜੀ ਡੀ ਪੀ ਹੇਠਾਂ ਡਿੱਗ ਰਹੀ ਸੀ ਤਾਂ ਸਿਰਫ ਕਿਸਾਨੀ ਨੇ ਹੀ ਲਾਜ ਰੱਖੀ ਸੀ। ਹਾਂ ਜੇਕਰ ਇਹ ਅੰਦੋਲਨਜੀਵੀ ਜਮਾਤ ਨਾ ਹੁੰਦੀ ਤਾਂ ਸਾਡਾ ਦੇਸ ਆਜਾਦ ਨਾ ਹੁੰਦਾ, ਲੋਕਾਂ ਨੂੰ ਉਨ੍ਹਾਂ ਦੇ ਹੱਕ ਨਾ ਮਿਲਦੇ ਅਤੇ ਤੁਹਾਡੇ ਵਰਗੇ ਅਖੌਤੀ ਚੋਕੀਦਾਰ ਕਦੋਂ ਦਾ ਦੇਸ ਨੂੰ ਵੇਚ ਕੇ ਜਰੂਰ ਖਾ ਜਾਂਦੇ।

**ਚਾਨਣ ਦੀਪ ਸਿੰਘ ਔਲਖ,**
**ਪਿੰਡ ਗੁਰਨੇ ਖੁਰਦ (ਮਾਨਸਾ)**
**ਸੰਪਰਕ 9876888177**

# ਆਪਣੇ ਪਿੰਡਾਂ ਦੀ ਐ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

ਦਿੱਲੀ ਵਿਖੇ ਚੰਗੇ ਭਲੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਬਹੁਤ ਹੀ ਦੁੱਖਦਾਈ ਘਟਨਾ ਵਾਪਰੀ ਹੈ। ਕੁਝ ਸ਼ਰਾਰਤੀ ਬੰਦਿਆਂ ਨੇ ਨੌਜਵਾਨਾਂ ਦੇ ਠਾਠਾਂ ਮਾਰਦੇ ਜੋਸ਼ ਨੂੰ ਪੁੱਠੇ ਪਾਸੇ ਲਗਾ ਕੇ ਪੁਲਿਸ ਨਾਲ ਟਕਰਾਉ ਕਰਵਾ ਦਿੱਤਾ ਹੈ। ਗੋਦੀ ਮੀਡੀਆ ਜੋ ਚਾਹੁੰਦਾ ਸੀ, ਉਹ ਹੀ ਹੋ ਗਿਆ ਹੈ। ਦੋ ਮਹੀਨਿਆਂ ਤੋਂ ਸ਼ਾਂਤਮਈ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਗੋਦੀ ਮੀਡੀਆ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਸੀ ਤੇ ਉਨ੍ਹਾਂ ਨੂੰ ਇਸ ਅੰਦੋਲਨ ਨੂੰ ਬਦਨਾਮ ਕਰਨ ਦਾ ਕੋਈ ਮੌਕਾ ਨਹੀਂ ਸੀ ਲੱਭ ਰਿਹਾ। ਉਹ ਕਿਸੇ ਬੁਰੀ ਖਬਰ ਦਾ ਇਸ ਤਰਾਂ ਇੰਤਜ਼ਾਰ ਕਰ ਰਹੇ ਸਨ ਜਿਵੇਂ ਵਿਆਹ ਸ਼ਾਦੀਆਂ ਦੇ ਟੈਂਟਾਂ ਦੇ ਬਾਹਰ ਬੈਠੇ ਕੁੱਤੇ ਜੂਠੀਆਂ ਪਲੇਟਾਂ ਦਾ ਇੰਤਜ਼ਾਰ ਕਰਦੇ ਹਨ। ਨੌਜਵਾਨਾਂ ਨੂੰ ਭਾਵੁਕ ਕਰਨ ਤੇ ਭੜਕਾਉਣ ਵਾਲੇ ਕਥਿੱਤ ਲੀਡਰ ਮਿੰਟਾਂ ਸਕਿੰਟਾਂ ਵਿੱਚ ਹੀਰੋ ਤੋਂ ਜ਼ੀਰੋ ਬਣ ਗਏ ਹਨ। ਇਲੈੱਕਟਰੌਨਿਕ ਮੀਡੀਆ, ਸੋਸ਼ਲ਼ ਮੀਡੀਆ ਅਤੇ ਅਖਬਾਰਾਂ ਵਿੱਚ ਉਨ੍ਹਾਂ ਨੂੰ ਰੱਜ ਕੇ ਲਾਹਨਤਾਂ ਪੈ ਰਹੀਆਂ ਹਨ। ਅੱਗ ਲਾਈ ਤੇ ਡੱਬੂ ਕੰਧ 'ਤੇ ਵਾਲੀ ਕਹਾਵਤ ਨੂੰ ਇੰਨ ਬਿੰਨ ਸਾਬਤ ਕਰ ਕੇ ਹੁਣ ਉਹ ਪੁਲਿਸ ਦੇ ਡਰੋਂ ਛਿਪ ਕੇ ਬੈਠ ਗਏ ਹਨ। ਦਿੱਲੀ ਪੁਲਿਸ ਵੀ ਪਤਾ ਨਹੀਂ ਕਿਸ ਕਾਰਨ ਉਨ੍ਹਾਂ ਨੂੰ ਪਕੜਨ ਦੀ ਬਜਾਏ ਸ਼ਾਤਮਈ ਅੰਦੋਲਨ ਦੇ ਹਾਮੀਆਂ ਨੂੰ ਨੋਟਿਸ ਕੱਢ ਰਹੀ ਹੈ। ਉਨ੍ਹਾਂ ਦੇ ਪਿੰਡਾਂ ਵਾਲੇ ਵੀ ਦੱਬੀ ਜ਼ੁਬਾਨ ਵਿੱਚ ਉਨ੍ਹਾਂ ਵੱਲੋਂ ਕੀਤੇ ਇਸ ਕੰਮ ਦੀ ਨੁਕਤਾਚੀਨੀ ਕਰ ਰਹੇ ਹਨ।

ਰਾਤੋ ਰਾਤ ਉਨ੍ਹਾਂ ਦੀ ਦਿੱਖ ਖਰਾਬ ਹੋਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਹਰੇਕ ਵਿਅਕਤੀ ਤਾਕਤਵਰ, ਮਸ਼ਹੂਰ ਅਤੇ ਸ਼ਰੀਫ ਵਿਅਕਤੀ ਨਾਲ ਚੰਗੇ ਸਬੰਧ ਰੱਖਣੇ ਚਾਹੁੰਦਾ ਹੈ ਤੇ ਘਟੀਆ ਵਿਅਕਤੀ ਨਾਲ ਆਪਣਾ ਨਾਮ ਜੋੜ ਕੇ ਕੋਈ ਵੀ ਬਦਨਾਮੀ ਖੱਟਣ ਦੇ ਹੱਕ ਵਿੱਚ ਨਹੀਂ ਹੈ। ਉਹ ਗੱਲ ਅਲੱਗ ਹੈ ਕਿ ਪ੍ਰਸਿੱਧ ਵਿਅਕਤੀ ਚਾਹੇ ਉਸ ਨੂੰ ਜਾਣਦਾ ਤੱਕ ਨਾ ਹੋਵੇ। ਲੋਕਾਂ ਨੂੰ ਦਰਸਾਇਆ ਜਾਵੇਗਾ ਕਿ ਮੇਰੀ ਫਲਾਣੇ ਪ੍ਰਸਿੱਧ ਵਿਅਕਤੀ ਨਾਲ ਸਿੱਧੀ ਪਹੁੰਚ ਜਾਂ ਰਿਸ਼ਤੇਦਾਰੀ ਹੈ। ਜੇ ਕੋਈ ਬੰਦਾ ਗਰੀਬ ਜਾਂ ਬਦਨਾਮ ਹੈ ਤਾਂ ਫਿਰ ਕੋਈ ਵੀ ਉਸ ਨਾਲ ਸਬੰਧ ਜਾਂ ਰਿਸ਼ਤੇਦਾਰੀ ਹੋਣ ਦੀ ਗੱਲ ਮੰਨਜ਼ੂਰ ਨਹੀਂ ਕਰਦਾ। ਕਿਸੇ ਨੇ ਕਿਸੇ ਨੂੰ ਪੁੱਛਿਆ ਕਿ ਤੇਰੇ ਗਰੀਬ ਰਿਸ਼ਤੇਦਾਰ ਕਿਹੜੇ ਹਨ। ਉਸ ਨੇ ਆਕੜ ਕਿ ਜਵਾਬ ਦਿੱਤਾ ਕਿ ਮੈਂ ਨਹੀਂ ਜਾਣਦਾ ਕਿਸੇ ਨੰਗ ਨੂੰ। ਉਸ ਨੇ ਦੁਬਾਰਾ ਪੁੱਛਿਆ ਕਿ ਤੇਰੇ ਅਮੀਰ ਰਿਸ਼ਤੇਦਾਰ ਕਿਹੜੇ ਹਨ। ਅਗਲੇ ਨੇ ਭੈੜਾ ਜਿਹਾ ਮੂੰਹ ਬਣਾ ਕੇ ਕਿਹਾ ਕਿ ਉਹ ਮੈਨੂੰ ਨਹੀਂ ਜਾਣਦੇ। ਹਲਕੇ ਦਾ ਐਮ.ਐਲ.ਏ. ਜਾਂ ਐਮ.ਪੀ. ਜਿਸ ਜ਼ਾਤ ਦਾ ਹੁੰਦਾ ਹੈ, ਉਸ ਜ਼ਾਤ ਦੇ ਸਾਰੇ ਵਿਅਕਤੀ ਉਸ ਦੇ ਰਿਸ਼ਤੇਦਾਰ ਬਣ ਜਾਂਦੇ ਹਨ। ਹਲਕੇ ਦੇ ਕਿਸੇ ਵਿਅਕਤੀ ਨੂੰ ਉਸ ਬਾਰੇ ਬਾਰੇ ਪੁੱਛੋ ਤਾਂ ਕਹੇਗਾ, "ਲਉ ਭਾਜੀ ਹੱਦ ਹੋ ਗਈ, ਤੁਹਾਨੂੰ ਪਤਾ ਈ ਨਹੀਂ ? ਆਪਣੀ ਮਾਸੀ ਦੀ ਜੇਠਾਣੀ ਦੀ ਭਰਜਾਈ ਦਾ ਸਕਾ ਭਾਣਜਾ ਤਾਂ ਹੈ।" ਪਰ ਗਰੀਬ ਤੇ ਬਦਨਾਮ ਵਿਆਕਤੀ ਨੂੰ ਕੋਈ ਪਛਾਣ ਕੇ ਵੀ ਰਾਜ਼ੀ ਨਹੀਂ ਹੁੰਦਾ।

ਇਸੇ ਤਰਾਂ ਇੱਕ ਵਾਰ ਦੋ ਵਿਅਕਤੀ ਕੁੜੀਆਂ ਦਾ ਕਬੱਡੀ ਮੈਚ ਵੇਖ ਰਹੇ ਸਨ। ਇੱਕ ਕੁੜੀ ਬੜੀਆਂ ਸੋਹਣੀਆਂ ਰੇਡਾਂ ਪਾ ਰਹੀ ਸੀ ਤੇ ਉਸ ਨੇ ਦੂਜੀ ਟੀਮ ਨੂੰ ਵਖਤ ਪਾਇਆ ਹੋਇਆ ਸੀ। ਕਿਸੇ ਜਾਫੀ ਕੋਲੋਂ ਪਕੜੀ ਨਹੀਂ ਸੀ ਜਾ ਰਹੀ। ਇੱਕ ਵਿਅਕਤੀ ਬੋਲਿਆ, "ਕਮਾਲ ਕਰੀ ਜਾਂਦੀ ਯਾਰ ਇਹ ਕੁੜੀ ਤਾਂ, ਬੜੀ ਸੋਹਣੀ ਕਬੱਡੀ ਖੇਡਦੀ ਐ। ਕਿਹੜੇ ਪਿੰਡ ਦੀ ਆ ਭਲਾ ਇਹ ?" ਲਾਗੇ ਬੈਠਾ ਦੂਸਰਾ ਵਿਅਕਤੀ ਬੜੇ ਮਾਣ ਨਾਲ ਬੋਲਿਆ, "ਆਪਣੇ ਪਿੰਡਾਂ ਦੀ ਆ ਆਪਣੇ ਪਿੰਡਾਂ ਦੀ, ਹੋਰ ਕਿੱਥੋਂ ਦੀ ਹੋਣੀ ਐ।" ਪਹਿਲਾ ਵਿਅਕਤੀ ਥੋੜੀ ਸ਼ਰਾਰਤੀ ਮੁਸਕਾਨ ਨਾਲ ਫਿਰ ਬੋਲਿਆ, "ਅੱਛਾ ! ਠੀਕ ਐ ਠੀਕ ਐ, ਹੁਣ ਆਇਆ ਚੇਤਾ। ਇਹ ਤਾਂ ਪਿਛਲੇ ਸਾਲ ਗੁਆਂਡੀਆਂ ਦੇ ਮੁੰਡੇ ਨਾਲ ਹੀ ਭੱਜ ਗਈ ਸੀ। ਬੜੀ ਮੁਸ਼ਕਿਲ ਨਾਲ ਮਹੀਨੇ ਬਾਅਦ ਘਰਦਿਆਂ ਨੇ ਮੋੜ ਕੇ ਲਿਆਂਦੀ ਸੀ।" ਦੂਸਰੇ ਉੱਪਰ ਸੌ ਘੜਾ ਪਾਣੀ ਪੈ ਗਿਆ, ਮਰੀ ਜਿਹੀ ਅਵਾਜ਼ ਵਿੱਚ ਬੋਲਿਆ, "ਉਏ ਨਹੀਂ ਨਹੀਂ ਭਰਾ ਸੌਰੀ, ਭੁਲੇਖਾ ਲੱਗ ਗਿਆ। ਇਹ ਤਾਂ ਨਾਲਦੇ ਪਿੰਡ ਦੀ ਐ।"

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273

Website: www.preetnama.com Email preetnamausa@gmail.com

11 OCT TO 17 OCT , 2024




# ਪ੍ਰੀਤ ਫੁਲਵਾੜੀ

## ਲੋਕ

ਗਲਤ ਫਹਿਮੀ ਦੀ ਇੱਕ ਕੰਧ ਬਣਾਈ ਫਿਰਦੇ ਲੋਕ
ਦਿਲ ਵਿੱਚ ਪਤਾ ਨੀ ਕੀ ਕੀ ਲੁਕਾਈ ਫਿਰਦੇ ਲੋਕ
ਗੱਲ ਦਿਲ ਵਿੱਚ ਰੱਖਕੇ ਕੋਈ ਹੱਲ ਤਾਂ ਹੋਣਾ ਨਹੀਂ
ਆਪਣੇ ਆਪ ਨੂੰ ਹੀ ਕਿਉਂ ਸਤਾਈ ਫਿਰਦੇ ਲੋਕ..
ਕੁੱਝ ਪੁੱਛ ਲਿਆ ਕਰੋ ਤੇ ਕੁੱਝ ਕਹਿ ਲਿਆ ਕਰੋ
ਆਪਣਿਆਂ ਕੋਲ ਆਕੇ ਕੁੱਝ ਪਲ ਬਹਿ ਲਿਆ ਕਰੋ
ਖੂਨ ਦੇ ਰਿਸ਼ਤੇ ਵੀ ਹੁਣ ਗੈਰ ਬਣਾਈ ਫਿਰਦੇ ਲੋਕ
ਦਿਲ ਵਿੱਚ ਪਤਾ ਨੀ ਕੀ ਕੀ ਲੁਕਾਈ ਫਿਰਦੇ ਲੋਕ
ਗਲਤ ਫਹਿਮੀ ਦੀ ਇੱਕ ਕੰਧ ਬਣਾਈ ਫਿਰਦੇ ਲੋਕ
ਐਡੀ ਜ਼ਿੰਦਗੀ ਹੈ ਨੀ ਜਿੱਡੀ ਸੋਚ ਲੜਾਈ ਜਾਵੇ
ਆਪਣੇ ਅੰਦਰੋ ਆਪੇ ਨੂੰ ਤੂੰ ਆਪ ਮੁਕਾਈ ਜਾਵੇ
ਖਿਆਲੀ ਅੰਬਰੀ ਟਾਕੀ ਵੀ ਲਾਈ ਫਿਰਦੇ ਲੋਕ
ਦਿਲ ਵਿੱਚ ਪਤਾ ਨੀ ਕੀ ਕੀ ਲੁਕਾਈ ਫਿਰਦੇ ਲੋਕ
ਗਲਤ ਫਹਿਮੀ ਦੀ ਇੱਕ ਕੰਧ ਬਣਾਈ ਫਿਰਦੇ ਲੋਕ
ਚੰਗੇ ਮਾੜੇ ਦਾ ਫ਼ਰਕ ਜੇ ਕਰਨ ਲਈ ਕਿਤੇ ਬਹਿਗੇ
ਤੰਗ ਰਹਿ ਜੇਗਾ ਕੁਦਰਤ ਕੋਲੋਂ ਟੁੱਟ ਕੇ ਬਹਿਗੇ
ਆਉਣ ਵਾਲੀਆਂ ਨਸਲਾਂ ਵੀ ਮੁਕਾਈ ਫਿਰਦੇ ਲੋਕ
ਦਿਲ ਵਿੱਚ ਪਤਾ ਨੀ ਕੀ ਕੀ ਲੁਕਾਈ ਫਿਰਦੇ ਲੋਕ
ਗਲਤ ਫਹਿਮੀ ਦੀ ਇੱਕ ਕੰਧ ਬਣਾਈ ਫਿਰਦੇ ਲੋਕ
ਛੱਡ ਜਖਵਾਲੀ ਜਿੰਦਗੀ ਤਾਂ ਇੱਕ ਬੁਲਬਲਾ ਹੈ ਪਾਣੀ
ਜਿਸ ਦੀ ਕੁੱਖੋ ਜੰਮਿਆ ਮਾਨਵ ਉਹ ਨਾ ਕੁੱਖ ਪਛਾਣੀ
ਦਾਨਵਾਂ ਵਰਗਾ ਰੂਪ ਕਿਉਂ ਬਣਾਈ ਫਿਰਦੇ ਲੋਕ
ਦਿਲ ਵਿੱਚ ਪਤਾ ਨੀ ਕੀ ਕੀ ਲੁਕਾਈ ਫਿਰਦੇ ਲੋਕ
ਗਲਤ ਫਹਿਮੀ ਦੀ ਇੱਕ ਕੰਧ ਬਣਾਈ ਫਿਰਦੇ ਲੋਕ

**ਗੁਰਪ੍ਰੀਤ ਸਿੰਘ ਜਖ਼ਵਾਲੀ**
**ਮੋਬਾਈਲ** 98550 36444

## ਦੇਸ਼ਾਂ ਦੀ ਜੰਗ

ਅੱਧ ਅਸਮਾਨੋਂ ਜਹਾਜ਼ ਉੱਥੇ ਬੰਬ ਸੁੱਟਣ,
ਹੱਲੇ ਧਰਤੀ ਗੂੰਜੇ ਅਸਮਾਨ ਮੀਆਂ।
ਇਮਾਰਤਾਂ ਡਿੱਗੀਆਂ, ਲੋਥਾਂ ਢੇਰ ਲੱਗੇ,
ਜਿਉਂ ਫ਼ਸਲ ਕੱਟੇ ਕਿਰਸਾਨ ਮੀਆਂ।
ਅੱਗੇ ਰੂਸ ਯੂਕਰੇਨ ਦੀ ਜੰਗ ਲੱਗੀ,
ਹੁਣ ਇਜ਼ਰਾਈਲ ਤੇ ਲਿਬਨਾਨ ਮੀਆਂ।
ਬੈਠੇ ਲੋਕ ਕੋਸਦੇ ਉੱਥੇ ਕਿਸਮਤਾਂ ਨੂੰ,
ਘਰ ਸ਼ਹਿਰ ਬਣੇ ਬੀਆਬਾਨ ਮੀਆਂ।
ਭੁੱਖ ਮਰੀ ਬਿਮਾਰੀਆਂ ਲਾਏ ਡੇਰੇ,
ਨੱਚਣ ਭੂਤਨੇ ਜਿਉਂ ਸ਼ਮਸ਼ਾਨ ਮੀਆਂ।
ਪਸ਼ੂਆਂ ਜੀਵ ਜੰਤੂਆਂ ਦੁੱਖ ਕੌਣ ਜਾਣੇ,
ਬੰਬ ਵੇਖੇ ਨਾ ਜ਼ੁਬਾਨ ਬੇਜ਼ੁਬਾਨ ਮੀਆਂ।
ਸਾਰੇ ਦੇਸ਼ ਫਿਕਰਾਂ ਵਿੱਚ ਪਏ ਡੁੱਬੇ,
ਬਣ ਜਾਣ ਨਾ ਸ਼ਹਿਰ ਜਪਾਨ ਮੀਆਂ।
ਲੜਾਈ ਸਲਾਹੀ ਨਾ ਕਿਸੇ ਕੁੱਤਿਆਂ ਦੀ,
ਲੜ ਮਰੇ ਕਿਓਂ ਨਿੱਤ ਇਨਸਾਨ ਮੀਆਂ।
ਸੁਲਝਾਓ ਮਸਲਾ ਕੱਢੋ ਛੇਤੀ ਹੱਲ ਕੋਈ,
ਪੱਤੋ, ਹੋਵੇ ਉੱਥੇ ਅਮਨ ਅਮਾਨ ਮੀਆਂ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਜ਼ਜ਼ਬਾਤ

ਕਰਕੇ ਪਿਆਰ ਤੈਨੂੰ ਵੇ ਮੈਂ,
ਕਿਉਂ ਪਾਗਲਾਂ ਵਾਂਗ ਚਾਹੁੰਦੀ ਰਹੀ,
ਤੇਰੀ ਦੂਰੀ ਤੋਂ ਡਰਦੀ ਮੈਂ,
ਇਹ ਜਿਸਮ ਆਪਣਾ ਖਵਾਉਂਦੀ ਰਹੀ,
ਪਤਾ ਸੀ ਕਦੇ ਇੱਕ ਨਹੀਂ ਹੋ ਸਕਦੇ,
ਫਿਰ ਵੀ, ਦਿਲ ਤੇਰੇ ਨਾਮ ਲਾਉਂਦੀ ਰਹੀ,
ਤੂੰ ਬੇਫਿਕਰੀ ਨਾਲ ਸੌਂ ਗਿਆ,
ਮੈਂ ਸਾਰੀ ਰਾਤ ਦਿਲ ਨੂੰ ਚੁੱਪ ਕਰਾਉਂਦੀ ਰਹੀ,
ਚੀਖ਼ ਰਹੇ ਇਹਨਾਂ ਜਜ਼ਬਾਤਾਂ ਨੂੰ ਮੈਂ,
ਦੇ ਦੇ ਦਿਲਾਸੇ ਸਮਝਾਉਂਦੀ ਰਹੀ,
ਕਰਕੇ ਸੱਚਾ ਪਿਆਰ ਪ੍ਰਭ ਮੈਂ,
ਸੱਚ ਦੱਸਾ ਬਹੁਤ ਪਛਤਾਉਂਦੀ ਰਹੀ।

**ਪ੍ਰਭਜੋਤ ਕੌਰ ਰਾਏ** 9592796591
**ਪਿੰਡ ਪਮਾਲੀ ਜ਼ਿਲ੍ਹਾ ਲੁਧਿਆਣਾ।**

## ਸਦਾਬਹਾਰ ਸਾਥਣ

ਅੰਤਾ ਦਾ ਜਦ ਹੋਵਾਂ ਉਦਾਸ।
ਬਹੁਤ ਹੀ ਦੁਖੀ, ਨਿਰਾਸ਼, ਹਤਾਸ਼।
ਓਸ ਵੇਲੇ ਬੱਸ ਇੱਕ ਸਹਾਰਾ।
'ਡੁੱਬਦੇ ਨੂੰ ਜਿਉਂ ਮਿਲੇ ਕਿਨਾਰਾ'।
ਸਦਾਬਹਾਰ ਮੇਰੀ ਇੱਕ ਸਾਥਣ।
ਸੁਬ੍ਹਾ, ਦੁਪਿਹਰ ਹੋਵੇ ਜਾਂ ਆਥਣ।
ਹਰਦਮ, ਹਰਪਲ ਤਿਆਰ ਹੈ ਰਹਿੰਦੀ।
ਬਾਹਾਵਾਂ ਅੱਡ "ਜੀ ਆਇਆਂ..." ਕਹਿੰਦੀ।
ਬੁੱਕਲ ਵਿੱਚ ਲੁਕਾ ਲੈਂਦੀ ਐ।
ਮੋਢੇ ਦੇ ਨਾਲ਼ ਲਾ ਲੈਂਦੀ ਐ।
ਪਿੱਠ ਕਦੇ ਸਿਰ ਥਪ-ਥਪਾਉਂਦੀ।
ਉਂਗਲਾਂ ਵਾਲਾਂ ਵਿੱਚ ਘੁੰਮਾਉਂਦੀ।
ਕਹੇ "ਸੋਹਣਿਆ ਖੁੱਲ੍ਹ ਕੇ ਰੋ।
ਐਪਰ ਬਿਲਕੁੱਲ ਖਾਲੀ ਹੋ।
ਸੰਗ, ਸ਼ਰਮ ਨਾ ਕਰ ਪਰਵਾਹ।
ਕੋਈ ਨਾ ਏਥੇ ਸਕਦਾ ਆ।
ਦੱਬ ਕੇ ਲੱਗਜਾ ਝੱਲ ਖਿਲਾਰਨ।
ਮੈਂ ਬੈਠੀ ਹਾਂ ਪਹਿਰੇਦਾਰਨ।"
ਸੱਚੀਉਂ ਹੈ ਵਫਾ ਦੀ ਪੰਡ।
ਕਦੇ ਵੀ ਨਾ ਵਿਖਾਉਂਦੀ ਕੰਡ।
ਫੇਲ੍ਹ ਹੋਣ ਜਦ ਵੈਦ, ਦਵਾਵਾਂ।
ਅਰਦਾਸਾਂ ਤੇ ਪ੍ਰਾਰਥਨਾਵਾਂ।
ਅੰਤ ਇਹ ਬੱਸ ਕਰਦੀ ਸ਼ਾਂਤ।
ਇਸ ਪਿਆਰੀ ਦਾ ਨਾਮ ਏਕਾਂਤ।
ਕੁਦਰਤ ਦੀ ਸੌਗਾਤ ਏਕਾਂਤ।
ਬਿਨ ਮੰਗੀ ਹੋਈ ਦਾਤ ਏਕਾਂਤ।
ਪਿੰਡ ਘੜਾਮੇਂ ਰੋਮੀ ਤਾਈਂ ਤਾਈਂ।
ਮਿਲੇ ਸਦਾ ਹੀ ਚਾਈਂ ਚਾਈਂ।

**ਰੋਮੀ ਘੜਾਮੇਂ ਵਾਲਾ।**
98552-81105

## ਸਬਰ

ਇਕੱਠ ਸਾਡਾ ਵੇਖ ਬੌਖਲਾਈ ਸਰਕਾਰੇ ਨੀ ,
ਤਾਂ ਹੀ ਤਾਂ ਕਰਵਾਉਂਦੀ ਫਿਰੇਂ ਪੁੱਠੇ ਸਿੱਧੇ ਕਾਰੇ ਨੀ
ਝੰਡਾ ਲਹਿਰਾਉਣਾ ਨਹੀਂ ਮਕਸਦ ਸੀ ਸਾਡਾ ,
ਰੱਦ ਕਰਵਾਉਣੇ ਤੈਥੋਂ ਕਾਲੇ ਕਾਨੂੰਨ ਸਾਰੇ ਨੀ ।
ਹਿੰਦੂ, ਮੁਸਲਿਮ, ਸਿੱਖ ,ਇਸਾਈ ਇੱਕ ਅਸੀਂ ਸਾਰੇ ਨੀ
ਸਾਨੂੰ ਲੜਾਉਣ ਲਈ ਨਿੱਤ ਨਵੇਂ ਕਰੇਂ ਕਾਰੇ ਨੀ,
ਕਿਤੇ ਢਾਹਵੇਂ ਮਸਜਿਦ ਕਿਤੇ ਮੰਦਰ ਬਣਵਾਵੇਂ ਨੀ
ਤਿਰੰਗੇ ਦੀਆਂ ਕੀਮਤਾਂ ਤੂੰ ਸਾਨੂੰ ਸਮਝਾਵੇਂ ਨੀ ।
ਸਰਹੱਦਾਂ ਉੱਤੇ ਬੈਠੇ ਸਾਡੇ ਪੁੱਤਰਾਂ ਤੋਂ ਨੀ ,
ਕਿੰਨੇ ਕੁ ਨੇ ਉਨ੍ਹਾਂ ਵਿੱਚ ਲੀਡਰਾਂ ਦੇ ਪੁੱਤ ਨੇ ।
ਪਰਖ ਨਾ ਸਾਡਾ ਹੋਰ ਸਬਰ ਸਰਕਾਰੇ ਨੀ ,
ਹੁਣ ਨਾ ਤੂੰ ਲਾ ਸਾਨੂੰ ਹੋਰ ਝੂਠੇ ਲਾਰੇ ਨੇ ,
ਖੇਤੀ ਕਾਨੂੰਨ ਰੱਦ ਕਰਵਾ ਕੇ ਲੈਣਾ ਅਸੀਂ ਦਮ ਨੀ ,
ਉਦੋਂ ਤੱਕ ਹੁਣ ਸਾਨੂੰ ਹੋਰ ਕੋਈ ਕੰਮ ਨੀ ।
ਕਿਸਾਨ ਮਜਦੂਰ ਏਕਤਾ ਜਿੰਦਾਬਾਦ

**ਸੁਰਿੰਦਰ ਕੌਰ**
6283188928

## ਕਵਿਤਾ.... ਜ਼ਾਲਮਾ

ਨਾ ਕਰ ਸਾਨੂੰ ਹੋਰ ਮਜ਼ਬੂਰ ਵੇ ਜ਼ਾਲਮਾ ।
ਨਾ ਸਮਝ ਬੈਠਾ ਬਹੁਤ ਦੂਰ ਵੇ ਜ਼ਾਲਮਾ ।
ਹੱਥਕੰਡੇ ਜਿੰਨੇ ਮਰਜੀ ਹੋਰ ਅਪਨਾ ਲੈ ਤੂੰ,
ਨਹੀ ਕਰ ਸਕਦਾ ਚਕਨਾਚੂਰ ਵੇ ਜ਼ਾਲਮਾ ।
ਬੱਚੇ ਬੁੱਢੇ ਮੁੰਡੇ ਸਭ ਪਹੁੰਚ ਗਏ ਨੇ ਦਿੱਲੀ,
ਦੇਖ ਲਈ ਕਿਸਾਨਾਂ ਦੀ ਘੂਰ ਵੇ ਜ਼ਾਲਮਾ ।
ਮੰਗਦੇ ਹਾਂ ਹੱਕ ਨਾ ਕੋਈ ਤੈਥੋ ਖੈਰ ਮੰਗਦੇ ,
ਸਾਡੇ ਚਾਵਾਂ ਨੂੰ ਪੈਣਾ ਫਿਰ ਬੂਰ ਵੇ ਜ਼ਾਲਮਾਂ ।
ਕਈ ਵਾਰ ਮਾਣ ਅਸੀ ਦਿੱਲੀ ਦਾ ਤੋੜਿਆ,
ਦੱਸ ਹੁਣ ਕਾਹਦਾ ਕਰੇ ਗਰੂਰ ਵੇ ਜ਼ਾਲਮਾ ।
ਪਹਿਲਾ ਵੇਚਦਾ ਸੀ ਚਾਹ ਹੁਣ ਦੇਸ਼ ਵੇਚਦਾ,
ਤੇਰੇ ਦਿੱਲ ਚਂ ਭਰਿਆ ਫਤੂਰ ਵੇ ਜ਼ਾਲਮਾ ।
ਚੰਗੇ ਦਿਨ ਉਡੀਕਦੇ ਸੀ ਆਹ ਦਿਨ ਆਏ,
ਸੱਤੀ ਤਾ ਹੀ ਹੋਇਆ ਮਜ਼ਬੂਰ ਵੇ ਜ਼ਾਲਮਾ ।

**ਸੱਤੀ ਉਟਾਲਾਂ ਵਾਲਾ , ਨੇੜੇ ਜਾਡਲਾ**
**ਸ਼ਹੀਦ ਭਗਤ ਸਿੰਘ ਨਗਰ** . 9915770356

## .ਗਜ਼ਲ

ਵਾਧੂ ਸ਼ਬਦਾਂ ਵਾਲੀ ਫਿਰ ਭਰਮਾਰ ਨਾ ਹੋਏ ਮਹਿਫ਼ਿਲ ਵਿਚ।
ਸਮਝਣ ਸਭ, ਸਮਝੋਂ ਬਾਹਰ ਵਿਚਾਰ ਨਾ ਹੋਏ ਮਹਿਫ਼ਲ ਵਿਚ।
ਮਾਰਨ ਵਾਲੀ ਸ਼ਕਤੀ ਹੋਵੇ ਸਾਰੇ ਮਾੜੇ ਅੰਸ਼ਾਂ ਨੂੰ,
ਅਰਥਾਂ ਦੀ ਪਰਿਭਾਸ਼ਾ ਵਿਚ ਤਲਵਾਰ ਨਾ ਹੋਏ ਮਹਿਫ਼ਿਲ ਵਿਚ।
ਸ਼ੁੱਭ ਅਸੀਸਾਂ ਦੀ ਖ਼ੁਸ਼ਹਾਲੀ ਬੰਦਨਵਾਰ ਸਜਾਂਦੀ ਰਏ,
ਬਦ ਅਸੀਸਾਂ ਵਾਲੀ ਕੋਈ ਮਾਰ ਨਾ ਹੋਵੇ ਮਹਿਫ਼ਿਲ ਵਿਚ।
ਦੁਸ਼ਮਣ ਹੋਵਣ ਐਪਰ ਦੁਸ਼ਮਣ ਰਾਹ ਦੁਸੇਰਾ ਹੋਵੇ ਪਰ,
ਏਦਾਂ ਵੀ ਨਾ ਹੋਵੇ ਕਿ ਕੋਈ ਯਾਰ ਨਾ ਹੋਏ ਮਹਿਫ਼ਿਲ ਵਿਚ।
ਫਿਰ ਵੀ ਇੱਕ ਮਜ਼ੇ ਨੂੰ ਅਪਣੀ ਅਸਲੀ ਮੰਜ਼ਿਲ ਮਿਲਦੀ ਨਈਂ,
ਸਾਕੀ ਵਰਗਾ ਸੱਚਾ ਜੇ ਕਿਰਦਾਰ ਨਾ ਹੋਵੇ ਮਹਿਫ਼ਿਲ ਵਿਚ।
ਕੌਣ ਸਮੇਂ ਨੂੰ ਧੱਕਾ ਦੇ ਕੇ ਖੇਚਲ ਕਰਕੇ ਆਵੇਗਾ,
ਦਿਲ ਨੂੰ ਛੂਹਣ ਵਾਲਾ ਜੇ ਇਕਰਾਰ ਨਾ ਹੋਏ ਮਹਿਫ਼ਿਲ ਵਿਚ।
ਜੰਨਤ ਕਿਧਰੇ ਉਪਰ ਨਈਂ ਏਂ, ਜੰਨਤ ਏਥੇ ਵਸਦੀ ਹੈ,
ਖਿੱਚ ਨਈਂ ਰਖਦਾ ਕੋਈ ਜੇਕਰ ਪਿਆਰ ਨਾ ਹੋਏ ਮਹਿਫ਼ਿਲ ਵਿਚ।
ਸਾਕੀ ਏਥੇ ਕਿਸ ਨੇ ਆਉਣਾ ਕਿਉਂ ਆਵੇਗਾ ਸੋਚ ਜਰਾ,
ਛੋਟੇ ਵੱਡੇ ਬੰਦੇ ਦਾ ਸਤਿਕਾਰ ਨਾ ਹੋਏ ਮਹਿਫ਼ਿਲ ਵਿਚ।
ਉਥੇ ਰਾਤ ਦਿਨੇ ਹੀ ਆਪਣੇ ਉਲੂ ਵਾਸਾ ਕਰ ਲੈਂਦੇ,
ਯਾਰਾਂ ਵਾਲੀ ਸਾਂਝੀ ਸੋਚ ਵਿਚਾਰ ਨਾ ਹੋਏ ਮਹਿਫ਼ਿਲ ਵਿਚ।
ਉਨਤੀ ਦੇ ਦਰਵਾਜ਼ੇ ਉਥੇ ਖੁੱਲ੍ਹ ਨਈਂ ਸਕਦੇ ਹਰਗਿਜ਼ ਹੀ,
ਸਭਿਆਚਾਰ ਨਾ ਹੋਏ, ਸ਼ਿਸ਼ਟਾਚਾਰ ਨਾ ਹੋਏ ਮਹਿਫ਼ਿਲ ਵਿਚ।
ਕੀ ਕਰਨੀ ਏ ਸੁੱਖ-ਸਹੂਲਤ ਕੀ ਕਰਨੇ ਨੇ ਵਾਅਦੇ,
ਜੇਕਰ ਅਪਣੇ ਯਾਰਾਂ ਦਾ ਦੀਦਾਰ ਨਾ ਹੋਏ ਮਹਿਫ਼ਿਲ ਵਿਚ।
ਉਥੇ ਜੀਣਾ ਵੀ ਕੀ ਜੀਣਾ, ਕੀ ਪੀਣਾ, ਕੀ ਖ਼ਾਣਾ ਏਂ,
ਦੁਨੀਆਂ ਨਾਲੋਂ ਵਖਰਾ ਜੇ ਸੰਸਾਰ ਨਾ ਹੋਏ ਮਹਿਫ਼ਿਲ ਵਿਚ।
ਜਾਮ ਸੁਰਾਹੀ ਖਾਲੀ-ਖਾਲੀ, ਖਾਲੀ-ਖਾਲੀ ਹੁੰਦੇ ਸਭ,
ਨੈਣਾਂ ਦੇ ਵਿਚ ਕਜਲੇ ਦੀ ਜੇ ਧਾਰ ਹੋਏ ਮਹਿਫ਼ਿਲ ਵਿਚ।
ਧਰਤੀ ਅੰਬਰ ਸਾਰਾ ਮੌਸਮ ਕੁਝ ਵੀ ਚੰਗਾ ਲਗਦਾ ਨਈਂ,
ਲੱਖਾਂ ਲੋਕਾਂ ਦੇ ਵਿਚ ਜੇ ਦਿਲਦਾਰ ਨਾ ਹੋਏ ਮਹਿਫ਼ਿਲ ਵਿਚ।
ਗ਼ਜ਼ਲਾਂ ਵਾਲੀ ਸ਼ਾਮ-ਸੁਹਾਣੀ ਸੰਗੀਤ ਇਲਾਹੀ ਹੋਵੇ,
ਹੋ ਨਈਂ ਸਕਦਾ ਬਾਲਮ ਦਾ ਪਰਿਵਾਰ ਨਾ ਹੋਏ ਮਹਿਫ਼ਿਲ ਵਿਚ।

**ਬਲਵਿੰਦਰ ਬਾਲਮ ਗੁਰਦਾਸਪੁਰ**
ਮੋ. 98156-25409

## (ਤੇਰਾ ਇੰਤਜਾਰ)

ਤੂੰ ਮੇਰੀ ਜੀਂਦਗੀ ਵਿੱਚ
ਹਵਾ ਦੇ ਝੋਕੇ ਵਾਂਗ ਆਇਆ
ਤੇ ਉਸੇ ਤਰਾਂ ਚਲਾ ਗਿਆ
ਥੋੜੇ ਜਿਹੇ ਸਮੇਂ ਵਿੱਚ ਜੋ
ਪੱਲ ਅਸੀਂ ਇੱਕਠਿਆਂ ਬਿਤਾਏ
ਮੇਰੇ ਜਹਿਨ ਵਿੱਚ ਅਜੇ ਵੀ
ਤਰੋ-ਤਾਜਾ ਨੇ
ਤੇਰੀਆਂ ਮਿੱਠੀਆਂ ਪਿਆਰੀਆਂ
ਗੱਲਾਂ ਦੇ ਨਸੇ ਵਿੱਚ
ਮੈਂ ਅਜੇ ਤੱਕ ਮਦਹੋਸ ਹਾਂ
ਤੇਰੇ ਪਿਆਰ ਦਾ ਸਰੂਰ
ਮੇਰੇ ਰੋਮ ਰੋਮ ਵਿੱਚ
ਸਮੋਇਆ ਪਿਆ ਹੈ
ਉੱਠਦੀ ਬੈਠਦੀ
ਸੌਂਦੀ ਜਾਗਦੀ ਹਰ ਪੱਲ
ਹਰ ਸਾਹ ਤੇਰੀ ਯਾਦ
ਪਈ ਸਤਾਉਂਦੀ ਰਹਿੰਦੀ ਹੈ
ਸੁਪਨਿਆਂ ਵਿੱਚ ਵੀ
ਜੱਦ ਤੈਨੂੰ ਤੱਕਦੀ ਹਾਂ
ਤ੍ਰਬਕ ਕੇ ਉੱਠ ਜਾਂਦੀ ਹਾਂ
ਸਾਇਦ ਕਦੀ ਤਾਂ ਤੈਨੂੰ
ਮੇਰੀ ਯਾਦ ਆਏਗੀ
ਤੂੰ ਮੈਨੂੰ ਭੱਜਾ ਮਿਲਣ ਆਏਗਾ
ਹਾਏ ਵੇ ਅੜਿਆ
ਤੂੰ ਤੇ ਦਿੱਲੋਂ ਹੀ ਮੈਨੂੰ
ਵਿਸਾਰ ਦਿੱਤਾ ਹੈ
ਤੂੰ ਮੈਨੂੰ ਛੱਡਣ ਲੱਗੇ
ਇਕ ਵਾਰ ਵੀ ਨਾ ਸੋਚਿਆ
ਕੀ ਬਣੂ ਤੇਰੀ ਇਸ ਕਮਲੀ ਦਾ
ਜੋ ਗੱਲੀਂ ਕੱਥੀਂ ਹਮੇਸਾਂ
ਤੇਰੀ ਸਲਾਹ ਲੈਂਦੀ ਸੀ
ਤੈਨੂੰ ਆਪਣਾ ਰਾਹ ਦਸੇਰਾ
ਮੰਨਦੀ ਰਹੀ ਹੈ
ਦੱਸ ਖਾਂ ਵੇ ਅੜਿਆ
ਤੂੰ ਮੇਰੀ ਦੋਸਤੀ ਦੀ
ਮੇਰੀ ਮੁੱਹਬਤ ਦੀ
ਮੇਰੀ ਵਫਾ ਦੀ
ਇਹ ਕੈਸੀ ਸਜਾ ਦਿੱਤੀ
ਇਕ ਪੱਲ ਵਿੱਚ ਹੀ
ਸੱਭ ਰਿਸਤੇ ਨਾਤੇ ਤੋੜ
ਦਿੱਲੋਂ ਹੀ ਵਿਸਾਰ ਦਿੱਤਾ ਹੈ
ਮੈਂ ਤੇ ਹੱਸਣਾ ਹੀ ਭੁੱਲ ਗਈ ਹਾਂ
ਸੁਦਾਈਆਂ ਵਾਂਗ ਅੱਬੜਵਾਹੇ ਉੱਠ
ਇੱਧਰ ਉੱਧਰ ਭੱਜਦੀ ਹਾਂ
ਕਦੀ ਫੋਨ ਚੁੱਕ ਤੇਰੇ
ਮੈਸੇਜ ਦੇਖਦੀ ਹਾਂ
ਸਾਇਦ ਭੁੱਲ-ਭੁਲੇਖੇ ਤੇਰਾ
ਕੋਈ ਫੋਨ ਜਾਂ ਮੈਸੇਜ ਆ ਜਾਏ
ਕੌਣ ਸਮਝਾਏ ਇਸ
ਝੱਲੇ ਦਿਲ ਨੂੰ
ਛੱਡ ਕੇ ਜਾਣ ਵਾਲੇ
ਕਦੀ ਵਾਪਿਸ ਨਹੀਂ ਆਉਂਦੇ
ਤੂੰ ਛੱਡ ਦੇ ਉਹਨਾਂ ਦਾ
ਇੰਤਜਾਰ ਕਰਨਾ
ਪਰ ਨਹੀਂ ਦਿਲ ਹੈ ਕਿ
ਮੰਨਦਾ ਹੀ ਨਹੀਂ ਹੈ
ਭਲਾ ਇੰਤਜਾਰ ਵੀ
ਕਦੀ ਖਤਮ ਹੋਇਆ ਹੈ
ਆਸ ਤੇ ਜਹਾਨ ਹੈ
ਇਹ ਮਨ ਹਮੇਸਾਂ
ਤੇਰਾ ਇੰਤਜਾਰ ਕਰਦਾ ਰਹੇਗਾ
ਜੱਦ ਤੱਕ ਤੂੰ ਵਾਪਿਸ ਆ
ਗੱਲ ਨਾਲ ਨਹੀਂ ਲਾ ਲੈਂਦਾ
ਮੈਨੂੰ ਤੇਰਾ ਇੰਤਜਾਰ ਰਹੇਗਾ
ਹਮੇਸਾਂ
ਤੇਰਾ ਇੰਤਜਾਰ

( **ਰਮਿੰਦਰ ਰਮੀ** )

## ਗੱਲ ਸਾਡੇ ਹੱਕਾਂ ਦੀ ਏ

ਗੱਲ ਸਾਡੇ ਹੱਕਾਂ ਦੀ ਏ
ਗੱਲ ਸੜਕਾਂ ਉੱਤੇ ਬੈਠ ਦਿੱਤੇ ਧਰਨੇ ਰੈਲੀਆਂ ਦੀ ਨਹੀਂ
ਗੱਲ ਸਾਡੇ ਹੱਕਾਂ ਦੀ ਏ
ਸਾਡੇ ਜਮੀਰ ਉੱਤੇ ਵੱਜੀਆਂ ਡੂੰਘੀਆਂ ਸੱਟਾਂ ਦੀ ਏ
ਜਦੋਂ ਬੇ-ਮੌਸਮੇ ਬਰਬਾਦ ਹੋਈ ਫਸਲ
ਗੱਲ ਅੱਖਾਂ ਵਿੱਚ ਤਿੱਪ-ਤਿੱਪ ਚੋਂਦੇ ਹੰਝੂਆਂ ਦੀ ਏ
ਬਿਨਾਂ ਕਸੂਰੋ ਸੜਕਾਂ ਉੱਤੇ ਪਾਲੇ ਠਰਦੇ
ਗੱਲ ਮਾਸੂਮਾਂ ਦੀ ਏ
ਲਹੂ ਪਸੀਨਾ ਬਣ ਚੋਂਦਾ
ਗੱਲ ਹਾੜ-ਜੇਠ ਦੀਆਂ ਧੁੱਪਾਂ ਵਿੱਚ ਤੱਪਦੇ
ਨੰਗੇ ਪੈਰਾਂ ਦੀ ਏ
ਢਿੱਡ ਭਰਦਾ ਪੂਰੀ ਦੁਨੀਆ ਦਾ ਜੋ
ਗੱਲ ਸਾਹੂਕਾਰਾਂ ਦੇ ਕਰਜੇ ਹੇਠ ਦੱਬੇ ਕਿਸਾਨਾਂ ਦੀ ਏ
ਮਿੱਟੀ ਦੇ ਨਾਲ ਮਿੱਟੀ ਹੋਇਆ
ਮਿੱਟੀ ਵਿੱਚ ਮਿਲ ਜਾਣਾ
ਫਸਲ ਰੋੜ ਜੋ ਲੈ ਗਏ
ਗੱਲ ਬੇਵਕਤ ਚੜ੍ਹ ਆਏ ਤੂਫਾਨਾਂ ਦੀ ਏ
ਮਾੜੀ ਕਿਸਮਤ ਤੇ ਜੋ ਸਲਫਾਸ ਜਹਿਰ ਖਾ ਮਰਦਾ
ਗੱਲ ਉਸ ਕਿਸਾਨ ਪੁੱਤ ਦੀ ਏ
ਗੱਲ ਬਜੁਰਗਾਂ ਤੇ ਵਰਦੀਆਂ ਲਾਠੀਆਂ
ਤੇ ਮਾਰਾਂ ਦੀ ਏ
ਝੂਠ ਨੂੰ ਸਲਾਮ,ਸੱਚ ਨੂੰ ਫਾਂਸੀ
ਗੱਲ ਬਦਲੇ ਕਿਰਦਾਰਾਂ ਦੀ ਏ
ਧਾਲੀਵਾਲ ਅਣਮਿੱਥੇ ਸਮੇਂ ਚੜ੍ਹ ਆਇਆ ਜੋ ਸੂਰਜ
ਗਗਨ ਗੱਲ ਭੈੜੇ ਕਾਨੂੰਨਾਂ ਦੀ ਏ ।

**ਗਗਨਦੀਪ ਧਾਲੀਵਾਲ ਝਲੂਰ**
**ਬਰਨਾਲਾ ।**

## "ਮਿੱਟੀ ਮੇਰੇ ਖੇਤਾਂ ਦੀ

"ਟੁੱਕ ਦੋ ਕਮਾਉਣ ਲਈ ਵਿਦੇਸ਼ ਆ ਗਿਆ ਸੀ,
ਜ਼ਿੰਦਗੀ ਦਾ ਸੱਚ ਤਾਂ ਪੰਜਾਬ ਰਹਿ ਗਿਆ ਸੀ;
ਸੋਚਾਂ ਵਾਲ਼ੇ ਖੰਬ ਜਦੋਂ ਭਰਦੇ ਉਡਾਰੀ ਆ,
ਉਸੇ ਵੇਲ਼ੇ ਝੱਟ ਹੀ ਪੰਜਾਬ ਚੱਲ ਆਵਾਂ ਮੈਂ;
ਮਿੱਟੀ ਮੇਰੇ ਖ਼ੇਤਾਂ ਦੀ ਏ ਮੇਰੀ ਮਾਂ ਵਰਗੀ,
ਬਣਕੇ ਮੈਂ ਮਿੱਟੀ ਇਹਦੇ ਵਿੱਚੀ ਰਲ਼ ਜਾਵਾਂ ਮੈਂ...;
ਵਿਹੜੇ ਵਾਲਾ ਬੋਹੜ ਮੈਨੂੰ ਜਾਪੇ ਬਾਪੂ ਵਰਗਾ,
ਹੌਂਸਲੇ ਦੀ ਨਿੱਤ ਜਿਹੜਾ ਛਾਂ ਰਹੇ ਕਰਦਾ;
ਫ਼ਿਕਰਾਂ ਦੀ ਧੁੱਪ ਜੋ ਸਿਰ ਤੋਂ ਹਟਾਉਂਦੀ ਆ,
ਜੋ ਮੈਨੂੰ ਮੇਰੇ ਬਾਪੂ ਦੀਆਂ ਦਲੇਰੀਆਂ ਸੁਣਾਉਂਦੀ ਆ;
ਹੋਵਾਂ ਜੇ ਉਦਾਸ ਉਹਦੀ ਛਾਂ ਵੱਲ੍ਹ ਜਾਵਾਂ ਮੈਂ,
ਮਿੱਟੀ ਮੇਰੇ ਖ਼ੇਤਾਂ ਦੀ ਏ ਮੇਰੀ ਮਾਂ ਵਰਗੀ,
ਬਣਕੇ ਮੈਂ ਮਿੱਟੀ ਇਹਦੇ ਵਿੱਚੀ ਰਲ਼ ਜਾਵਾਂ ਮੈਂ...;
ਮਿੱਟੀ ਮੈਨੂੰ ਪੁੱਤਾਂ ਵਾਂਗੂੰ ਗਲ਼ ਨਾਲ ਲਾਉਂਦੀ ਆ,
ਮਾਂ ਮੇਰੀ ਵਾਂਗੂੰ ਇਹ ਵੀ ਲੋਰੀਆਂ ਸੁਣਾਉਂਦੀ ਆ,
ਫ਼ਸਲਾਂ ਦੇ ਵਾਂਗੂੰ ਮੈਨੂੰ ਪਾਲ਼ਦੀ ਰਹੀ,
ਪਰ! ਕੀਤੇ ਅਹਿਸਾਨਾਂ ਦਾ ਨਾਂ ਹੱਕ ਇਹ ਜਤਾਉਂਦੀ ਏ;
ਕਰਦੀ ਉਡੀਕ ਰਹੇ,ਖ਼ੌਰੇ ਕੱਲ੍ਹ ਆਵਾਂ ਮੈਂ,
ਮਿੱਟੀ ਮੇਰੇ ਖ਼ੇਤਾਂ ਦੀ ਏ ਮੇਰੀ ਮਾਂ ਵਰਗੀ,
ਬਣਕੇ ਮੈਂ ਮਿੱਟੀ ਇਹਦੇ ਵਿੱਚੀ ਰਲ਼ ਜਾਵਾਂ ਮੈਂ...;
ਮਜਬੂਰੀਆਂ ਨੇਂ ਲੱਖ ਦਿਲੋਂ ਕੱਢਣਾਂ ਨਹੀਂ ਮਿੱਟੀ ਨੂੰ,
ਮਰ ਜਾਣਾ ਏਸੇ ਲਈ,ਛੱਡਣਾ ਨਹੀਂ ਮਿੱਟੀ ਨੂੰ;
ਖੇਤ ਛੱਡ ਆਉਣਾਂ, ਨਹੀਂ ਸਾਡਾ ਵੱਖ ਹੋਣਾ ਏ,
ਵੇਚ ਦੇਣਾਂ ਇਹਨੂੰ ਤਾਂ ਜ਼ਮੀਰ ਕੱਖ ਹੋਣਾਂ ਏ,
ਖ਼ੇਤਾਂ ਵਿੱਚੋਂ ਉੱਗੇ ਸਾਡੀ ਚੜ੍ਹਦੀਕਲਾ,
ਖ਼ੇਤਾਂ ਵਿੱਚ ਬਣਕੇ ਹੀ ਸ਼ਾਮ ਢਲ਼ ਜਾਵਾਂ ਮੈਂ,
ਮਿੱਟੀ ਮੇਰੇ ਖ਼ੇਤਾਂ ਦੀ ਏ ਮੇਰੀ ਮਾਂ ਵਰਗੀ,
ਬਣਕੇ ਮੈਂ ਮਿੱਟੀ ਇਹਦੇ ਵਿੱਚੀ ਰਲ਼ ਜਾਵਾਂ ਮੈਂ...!!"

**ਹਰਕਮਲ ਧਾਲੀਵਾਲ**
**ਸੰਪਰਕ:-** 8437403720

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273

Website: www.preetnama.com Email preetnamausa@gmail.com

11 OCT TO 17 OCT , 2024